## ਅਨਾਥਾਂ ਦਾ ਨਾਥ

# ਭਗਤ ਪੂਰਨ ਸਿੰਘ

(ਕਾਵਿ-ਸੰਗ੍ਰਹਿ)

ਲੇਖਕ :- ਮਾਸਟਰ ਸੇਵਾ ਸਿੰਘ ਸੋਹੀਆਂ ਖੁਰਦ

ਪ੍ਰਕਾਸ਼ਕ :- ਡਾ : ਇੰਦਰਜੀਤ ਕੌਰ
ਪ੍ਰਧਾਨ,
ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.)
ਅੰਮ੍ਰਿਤਸਰ

**Anathan Da Nath (Bhagat Puran Singh ji)**

By: Sewa Singh
V & P.o. Sohian Khurd,
Distt. Amritsar.

ਛਾਪਣ ਦੇ ਹੱਕ ਪਿੰਗਲਵਾੜਾ ਅੰਮ੍ਰਿਤਸਰ ਨੂੰ ਦਿੱਤੇ ਜਾਂਦੇ ਹਨ

ਦਸੰਬਰ ੨੦੧੨ ਨੂੰ ਛਪਿਆ ੫੦੦੦
ਕੁੱਲ ਛਪਿਆ ੧੦,੦੦੦

ਪ੍ਰਕਾਸ਼ਕ : ਡਾ : ਇੰਦਰਜੀਤ ਕੌਰ
ਛਾਪਕ: ਪੂਰਨ ਪ੍ਰਿੰਟਿੰਗ ਪ੍ਰੈਸ,
ਪਿੰਗਲਵਾੜਾ ਬਿਲਡਿੰਗਜ਼, ਮਾਨਾਂਵਾਲਾ ਜੀ.ਟੀ. ਰੋਡ,
ਅੰਮ੍ਰਿਤਸਰ ।

ਫੋਨ : 0183-2584713, 2584586
ਫੈਕਸ : 0183-2584586

**website : www.pingalwara.org**
**Email : pingalwara57@gmail.com**

# ਮੁੱਖ ਬੰਦ

**ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ**
**ਕੋਈ ਹਰਿਆ ਬੂਟੁ ਰਹਿਓ ਰੀ॥**

ਇਸ ਸੰਸਾਰ ਵਿੱਚ ਮਾਇਆ ਦੀ ਚਕਾਚੌਂਧ ਨੇ ਸੰਸਾਰ ਦਿਆਂ ਜੀਵਾਂ ਨੂੰ ਚੁੰਧਿਆ ਰੱਖਿਆ ਹੈ । ਇਨਸਾਨ ਈਰਖਾ, ਵੈਰ-ਵਿਰੋਧ ਅਤੇ ਲਾਲਚ ਦੀ ਅੱਗ ਵਿੱਚ ਸੜ ਰਿਹਾ ਹੈ । ਕਿਤੇ ਹੀ ਕੋਈ ਇਨਸਾਨ ਇਨ੍ਹਾਂ ਸਾਰੀਆਂ ਬਿਮਾਰੀਆਂ ਤੋਂ ਬਚਿਆ ਪਿਆਰ, ਹਮਦਰਦੀ, ਦਇਆ ਵਰਗੇ ਦੈਵੀ ਗੁਣਾਂ ਨਾਲ ਭਰਪੂਰ ਅੰਮ੍ਰਿਤ ਵਰਖਾ ਕਰੀ ਜਾਂਦਾ ਹੈ, ਤੱਪਦੇ ਹਿਰਦਿਆਂ ਨੂੰ ਠੰਢ ਪਾਉਂਦਾ ਹੈ, ਨਿਆਸਰਿਆਂ ਨੂੰ ਆਸਰਾ ਦੇਣਾ, ਰੋਗੀਆਂ ਲਈ ਦਵਾਈ ਦਾ ਪ੍ਰਬੰਧ ਕਰਨਾ, ਗ਼ਰੀਬ ਵਿਦਿਆਰਥੀਆਂ ਲਈ ਫ਼ੀਸਾਂ ਦਾ ਅਤੇ ਕਿਤਾਬਾਂ ਦਾ ਪ੍ਰਬੰਧ ਕਰਨਾ, ਭੁੱਖਿਆਂ ਲਈ ਰੋਟੀ ਦਾ ਪ੍ਰਬੰਧ ਕਰਨਾ ਅਤੇ ਇਸੇ ਫ਼ਿਕਰ ਵਿੱਚ ਕਿ ਜੀਵ ਸਾਫ਼-ਸੁਥਰੀ ਹਵਾ ਵਿੱਚ ਸਾਹ ਲੈਣ, ਪਾਣੀ ਤੋਂ ਔਖੇ ਨਾ ਹੋਣ, ਉਹਨਾਂ ਨੂੰ ਗਿਆਨ ਵੰਡਣਾ, ਹੱਥੀਂ ਰੁੱਖ ਲਾਉਣ ਵਰਗੇ ਕੰਮ ਕਰੀ ਜਾਣੇ, ਦਿਨ ਰਾਤ ਆਪਣੇ ਮਾਲਕ ਦੀ ਯਾਦ ਵਿੱਚ ਸੜਕ ਤੋਂ ਰੋੜੇ, ਕਿੱਲ, ਸ਼ੀਸ਼ਾ ਚੁੱਕਦੇ ਹੋਏ ਖਿੜੇ ਮੱਥੇ ਭਾਣੇ ਵਿੱਚ ਰਹਿ ਕੇ ਉਸ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ, ਇਕ ਅਲੌਕਿਕ ਅਵਸਥਾ ਵਿੱਚ ਰਹਿਣਾ ਹੈ । ਉਹ ਬਾਹਰੋਂ ਦਿੱਸਣ ਨੂੰ ਫ਼ਕੀਰ ਲੱਗਦਾ ਹੈ ਪਰ ਅੰਦਰੋਂ ਵਾਹਿਗੁਰੂ ਦੇ ਨਾਮ ਨਾਲ ਇਕਮਿੱਕ ਹੋਇਆ ਅਗਾਧ ਖ਼ੁਸ਼ੀਆਂ ਦੇ ਖ਼ਜ਼ਾਨੇ ਦਾ ਮਾਲਕ ਹੁੰਦਾ ਹੈ । ਇਹੋ ਜਿਹੀ ਅਵਸਥਾ ਦੇ ਮਾਲਕ ਸਨ ਵੀਹਵੀਂ ਸਦੀ ਦੇ ਭਗਤ, ਭਗਤ ਪੂਰਨ ਸਿੰਘ ਜੀ । ਇਹੋ ਜਿਹੇ ਇਨਸਾਨਾਂ ਦੀ ਜ਼ਿੰਦਗੀ ਬਾਰੇ ਲਿਖਣਾ ਕੋਈ ਸੌਖਾ ਕੰਮ ਨਹੀਂ, ਕਿਉਂਕਿ :



**ਏਵਡ ਊਚਾ ਹੋਵੈ ਕੋਇ ॥**
**ਤਿਸ ਊਚੇ ਕਉ ਜਾਣੈ ਸੋਇ॥**

ਭਾਵੇਂ ਇਹ ਸ਼ਬਦ ਜਪੁ ਜੀ ਸਾਹਿਬ ਵਿਚ ਅਕਾਲ ਪੁਰਖ ਲਈ ਵਰਤੇ ਹਨ ਪਰ ਅਕਾਲ ਪੁਰਖ ਨਾਲ ਅਭੇਦ ਹੋਏ ਜੀਵਾਂ ਲਈ ਇਹ ਗੱਲ ਢੁੱਕਦੀ ਹੈ । ਸ. ਸੇਵਾ ਸਿੰਘ ਜੀ ਨੇ ਵੱਡੇ ਉਪਰਾਲੇ ਨਾਲ ਭਗਤ ਪੂਰਨ ਸਿੰਘ ਜੀ ਦੀ ਜੀਵਨੀ ਨੂੰ ਕਵਿਤਾ ਦੇ ਰੂਪ ਵਿਚ ਕਲਮਬੰਦ ਕੀਤਾ ਹੈ । ਉਹ ਕਵਿਤਾ ਨੂੰ ਚੌਬਰਗਿਆਂ ਵਿੱਚ ਲਿਖਦੇ ਹਨ । ਦਰਅਸਲ ਕਵਿਤਾ ਵਿਚ ਕਵੀ ਥੋੜ੍ਹੇ ਸ਼ਬਦਾਂ ਵਿਚ ਵੱਡੀਆਂ ਗੱਲਾਂ ਬਿਆਨ ਕਰਨ ਦੀ ਸਮਰੱਥਾ ਰੱਖਦਾ ਹੈ । ਉਹਨਾਂ ਨੇ ਭਗਤ ਜੀ ਦੀ ਜੀਵਨੀ ਨੂੰ ਬਚਪਨ ਤੋਂ ਲੈ ਕੇ ਅਖ਼ੀਰਲੇ ਸਮੇਂ ਤਕ ਬਿਆਨ ਕੀਤਾ ਹੈ । ਭਗਤ ਜੀ ਦੇ ਜੀਵਨ ਵਿੱਚ ਉਹਨਾਂ ਦੀ ਮਾਤਾ ਨੇ ਬਹੁਤ ਘਾਲਣਾ ਘਾਲ ਕੇ ਭਗਤ ਪੂਰਨ ਸਿੰਘ ਵਿੱਚ ਸੇਵਾ ਅਤੇ ਤਿਆਗ ਦੇ ਪ੍ਰਬਲ ਸੰਸਕਾਰ ਭਰੇ । ਮਾਤਾ ਜੀ ਨੂੰ ਪਤਾ ਸੀ ਕਿ ਕਿੰਵ ਇਨਸਾਨ ਦੀ ਹੋਂਦ ਲਈ ਜਾਨਵਰ ਜ਼ਰੂਰੀ ਹਨ; ਇਸ ਲਈ ਇਨਸਾਨ ਨੂੰ ਜਿੱਥੇ ਇਨਸਾਨ ਦੀਆਂ ਤਕਲੀਫ਼ਾਂ ਦਾ ਫ਼ਿਕਰ ਕਰਨਾ ਹੈ, ਉੱਥੇ ਜਾਨਵਰਾਂ ਲਈ ਵੀ ਚੰਗੀ ਖ਼ੁਰਾਕ ਦਾ ਫ਼ਿਕਰ ਕਰਨਾ ਹੈ । ਇਸ ਨੂੰ ਬੜੇ ਸੋਹਣੇ ਲਫ਼ਜ਼ਾਂ ਵਿੱਚ ਸ. ਸੇਵਾ ਸਿੰਘ ਨੇ ਕਲਮਬੰਦ ਕੀਤਾ ਹੈ ।

**ਮਾਤਾ ਚੋਗ ਪੰਛੀਆਂ ਪਾਵਣ, ਗਊਆਂ ਮੂੰਹ ਗਰਾਹੀਆਂ ।**
**ਗਾਂ ਮੱਝਾਂ ਨੂੰ ਦਿਨ ਭਰ ਖੂਹ 'ਤੇ, ਜਲ ਪਲਾਵਣ ਰਾਹੀਆਂ ।**
**ਮੰਗਤਾ ਦਰ ਤੋਂ ਮੁੜੇ ਨਾ ਖ਼ਾਲੀ, ਸਭ ਨੂੰ ਦੇਣ ਖੈਰਾਈਆਂ ।**
**'ਸੇਵਾ' ਕਰਨ ਪ੍ਰਭੂ ਦੇ ਜੀਵਾਂ, ਏਹੋ ਨੇਕ ਕਮਾਈਆਂ ।**

ਸ. ਸੇਵਾ ਸਿੰਘ ਜੀ ਨੇ ਸਾਰੇ ਧਰਮਾਂ ਦੇ ਸਾਰ-ਅੰਸ਼ ਨੂੰ ਵੀ ਦੋ ਲਾਈਨਾਂ ਵਿੱਚ ਬੜੀ ਸੁਹਣੀ ਤਰ੍ਹਾਂ ਬਿਆਨ ਕੀਤਾ ਹੈ :

**ਸਭ ਅੰਦਰ ਮੌਜੂਦ ਚੰਗਾੜੀ, ਜੋ ਕੋਈ ਚਾਹੇ ਜਗਾਏ,**
**ਸਭ ਅੰਦਰ ਸਚਿਆਰਾ ਵੱਸਦਾ, ਜੋ ਕੋਈ ਲੱਭ ਪਾਏ।**

ਇਸੇ ਤਰ੍ਹਾਂ ਸ. ਸੇਵਾ ਸਿੰਘ ਨੇ ਸਾਰੇ ਧਰਮਾਂ ਦੀਆਂ ਫ਼ਿਲਾਸਫ਼ੀਆਂ ਨੂੰ ਜਿਸ 'ਤੇ ਚੱਲ ਕੇ ਇਨਸਾਨ ਰੱਬ ਨਾਲ ਇਕਮਿੱਕ ਹੋ ਜਾਂਦਾ ਹੈ ਅਤੇ ਭਗਤ ਜੀ ਵਾਂਙ ਬਿਨਾਂ ਕਿਸੇ ਵਿਤਕਰੇ ਤੋਂ ਸੇਵਾ ਦੇ ਰਾਹ 'ਤੇ ਬਿਨਾਂ ਕਿਸੇ ਫਲ ਦੀ ਆਸ ਤੋਂ ਅਣਥੱਕ ਤੁਰਿਆ ਰਹਿੰਦਾ ਹੈ, ਬੜੇ ਸੁਹਣੇ ਸ਼ਬਦਾਂ ਵਿੱਚ ਬਿਆਨ ਕੀਤਾ ਹੈ । ਉਹਨਾਂ ਦਾ ਇਹ ਚੌਬਰਗਾ ਬਹੁਤ ਮਨ ਨੂੰ ਟੁੰਬਣ ਵਾਲਾ ਹੈ :

**ਕਾਮ ਕ੍ਰੋਧ ਲੋਭ ਮੋਹ ਹੰਕਾਰੋਂ, ਅਮੋੜੀ ਮਨ ਮੁੜਿਆ,**
**ਦਿਲ ਦੀ ਡੋਲਣ ਭਟਕਣ ਮੁੱਕੀ, ਜਾਂ ਬੇਅੰਤੇ ਨਾਲ ਜੁੜਿਆ,**
**ਪ੍ਰਭ ਸੰਗ ਰੰਗ ਅਜਿਹਾ ਆਇਆ, ਆਪ ਗਇਆ ਸਹੁ ਪਾਇਆ,**
**'ਸੇਵਾ' ਬੂੰਦ ਸਮੁੰਦਰ ਹੋਈ, ਜਾਂ ਅੰਗ ਮਾਹੀ ਸੰਗ ਜੁੜਿਆ ।**

ਸ. ਸੇਵਾ ਸਿੰਘ ਜੀ ਵਿਦਵਾਨ ਅਤੇ ਗੁਰਮੁਖ ਹਨ । ਇਹਨਾਂ ਨੇ ਹੋਰ ਵੀ ਕਿਤਾਬਾਂ ਕਵਿਤਾ ਵਿੱਚ ਹੀ ਲਿਖੀਆਂ ਹਨ, ਜਿਨ੍ਹਾਂ ਦੇ ਨਾਮ ਏਥੇ ਵਰਣਨਯੋਗ ਹਨ :-

1. ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ
2. ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ
3. ਸ੍ਰੀ ਗੁਰੂ ਅੰਗਦ ਦੇਵ ਜੀ
4. ਬਾਬਾ ਬੁੱਢਾ ਸਾਹਿਬ ਜੀ

ਅਜੇ ਕੁਝ ਕਿਤਾਬਾਂ ਗੁਰੂ ਅਮਰਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਦੁੱਖੀਏ ਮਾਂ ਪੁੱਤ ਦਾ ਖਰੜਾ ਤਿਆਰ ਹੈ ਜੋ ਕਿ ਜਲਦੀ ਹੀ ਪਾਠਕਾਂ ਪਾਸ ਪਹੁੰਚਣਗੀਆਂ । ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਨ੍ਹਾਂ ਨੂੰ ਇਸੇ ਤਰ੍ਹਾਂ ਹੀ ਸੇਵਾ ਨਿਭਾਈ ਜਾਣ ਦਾ ਬਲ ਬਖ਼ਸ਼ਣ ।

**ਡਾ. ਇੰਦਰਜੀਤ ਕੌਰ, ਪ੍ਰਧਾਨ**
**ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ.),ਅੰਮ੍ਰਿਤਸਰ**

## ਦੋ ਸ਼ਬਦ

ਇੱਕ ਅਦਭੁੱਤ ਫ਼ਕੀਰ ਜਿਸ ਦਾ ਅਜੋਕੇ ਯੁੱਗ 'ਚ ਸੇਵਾ ਦੇ ਖੇਤਰ ਵਿੱਚ ਕੋਈ ਸਾਨੀ ਨਹੀਂ । ਜੇ ਉਨ੍ਹਾਂ ਦੀ ਜੀਵਨ ਗਾਥਾ ਪੂਰੀ ਲਿਖੀ ਜਾਵੇ ਤਾਂ ਕਈ ਕਿਤਾਬਾਂ ਲਿਖ ਕੇ ਵੀ ਪੂਰੀ ਅੰਕਿਤ ਨਹੀਂ ਕੀਤੀ ਜਾ ਸਕਦੀ । ਦਰਵੇਸ਼ ਭਗਤ, ਸੇਵਾ ਦਾ ਸੋਮਾ, ਸਮੁੰਦਰ ਵਾਂਗ ਪਰਉਪਕਾਰੀ ਸੋਚ ਦਾ ਮਾਲਕ, ਬੇਸਹਾਰਿਆਂ ਦਾ ਸਹਾਰਾ, ਲਾਵਾਰਸਾਂ ਦਾ ਵਾਰਸ, ਭੁੱਖਿਆਂ ਦਾ ਅੰਨਦਾਤਾ, ਦੁੱਖੀਆਂ ਦਾ ਦਾਰੂ, ਅਨਾਥਾਂ ਦਾ ਨਾਥ, ਦਇਆ ਦਾ ਭੰਡਾਰ, ਸੇਵਾ ਦਾ ਕੁੰਭ, ਪਿੰਗਲਵਾੜੇ ਦਾ ਬਾਨੀ ਭਗਤ ਪੂਰਨ ਸਿੰਘ ਜੀ ਦੇ ਜੀਵਨ 'ਤੇ ਮਾਸਟਰ ਸੇਵਾ ਸਿੰਘ ਜੀ ਪਿੰਡ ਸੋਹੀਆਂ ਖੁਰਦ ਨੇ ਆਪਣੀ ਇਕ ਕਾਵਿ-ਰਚਨਾ **'ਅਨਾਥਾਂ ਦਾ ਨਾਥ'** ਲਿਖ ਕੇ ਸਮੁੰਦਰ ਡੱਬੀ ਵਿੱਚ ਬੰਦ ਕਰਨ ਦਾ ਪੂਰਾ ਪੂਰਾ ਯਤਨ ਹੀ ਨਹੀਂ ਕੀਤਾ, ਬਲਕਿ ਭਗਤ ਜੀ ਦੀ ਬੀਜ ਰੂਪੀ ਜਗਦੀ ਜੋਤ ਸੰਸਥਾ 'ਪਿੰਗਲਵਾੜਾ' ਨੂੰ ਨਾਨਕ ਨਾਮ ਲੇਵਾ ਸੰਗਤਾਂ ਲਈ ਪ੍ਰੇਰਨਾ-ਸਰੋਤ ਉਪਜੀਵਿਕਾ ਦਾ ਸੰਕਲਪ ਵੀ ਦਰਸਾਇਆ ਗਿਆ ਹੈ ।

ਲੇਖਕ ਦਾ ਪੇਂਡੂਪਨ, ਸਾਦਾ ਜੀਵਨ, ਰਹਿਣੀ-ਬਹਿਣੀ, ਮਿੱਠੜਾ ਸੁਭਾਅ, ਦੁੱਧ ਵਰਗਾ ਚਿੱਟਾ ਬੇਦਾਗ਼ ਜੀਵਨ ਸਿੱਖਿਆ ਦੀ ਬੀ. ਐਡ. ਕਰਕੇ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਅਧਿਆਪਕ ਰਹਿ ਕੇ ਵਿਦਿਆਰਥੀਆਂ ਨੂੰ ਵਿਦਿਆ ਦਾ ਚਾਨਣ ਦੇਣਾ, ਜੀਵਨ ਸਾਥਣ ਦਾ ਸੁੱਘੜ ਸਾਊ ਸੁਭਾਅ, ਚੰਗਾ ਸਹਿਯੋਗ ਤੇ ਇਕ ਨਿਪੁੰਨ ਅਧਿਆਪਕਾ ਦਾ ਹੋਣਾ । ਆਪਣੇ ਪੁੱਤ ਪੋਤਰਿਆਂ ਨੂੰ ਵੀ ਵਿਦਿਆ ਦੇ ਪੈਂਡੇ (ਖੇਤਰ) ਵਿੱਚ ਸੁਹਿਰਦ ਸਿੱਖਿਆਰਥੀ ਅਤੇ ਚੰਗੇ ਗੁਣਾਂ ਦੇ ਧਾਰਣੀ ਬਣਾਉਣਾ । ਸਬੱਬ ਨਾਲ ਸੁੱਘੜ ਸਿਆਣੀਆਂ ਨੂੰਹਾਂ ਦਾ ਆਗਿਆਕਾਰ ਹੋਣਾ ਹੀ ਸ਼ੁੱਧ ਆਤਮਾ ਮਾਸਟਰ ਸੇਵਾ ਸਿੰਘ ਨੂੰ ਸਾਹਿਤ ਰਚਨਾ ਵੱਡਮੁੱਲੇ ਖ਼ਜ਼ਾਨੇ ਦਾ ਹਿੱਸਾ ਬਣਨਾ ਆਇਆ ਹੈ । ਉਨ੍ਹਾਂ ਦੀ ਰਚਨਾ ਦਾ ਉਦੇਸ਼ ਹੱਥੀਂ ਕਿਰਤ

ਕਰਨਾ, ਨਾਮ ਜਪਣਾ, ਨਰੋਏ ਸਮਾਜ ਦੀ ਸਿਰਜਣਾ ਕਰਨਾ, ਪੀੜਿਤ ਲੋਕਾਈ ਦੀ ਸੇਵਾ ਵੱਲ ਪ੍ਰੇਰਿਤ ਕਰਨਾ ਹੈ ।

ਸਾਹਿਤ ਰਚਨਹਾਰੇ ਵਿੱਚ ਜੋ ਗੁਣ ਹੋਣੇ ਚਾਹੀਦੇ ਹਨ, ਉਹ ਸਾਰੇ ਗੁਣ ਮਾਸਟਰ ਸੇਵਾ ਸਿੰਘ 'ਸੋਹੀਆਂ ਖੁਰਦ' ਵਿੱਚ ਮੌਜੂਦ ਹਨ । ਇਨ੍ਹਾਂ ਦੀ ਛਿੰਨ-ਮਾਤਰ ਰਚਨਾ 'ਅਨਾਥਾਂ ਦਾ ਨਾਥ' ਆਉਣ ਵਾਲੀਆਂ ਮਨੁੱਖੀ ਪੀੜ੍ਹੀਆਂ ਲਈ ਚਾਨਣ ਮੁਨਾਰਾ ਬਣੇਗੀ । ਰੱਬ ਅੱਗੇ ਅਰਦਾਸ ਹੈ ਕਿ ਰਚਨਾਤਮਿਕ ਸਾਹਿਤ ਕੜੀ-ਮਾਲਾ ਦੇ ਰੇਤ ਵਿੱਚੋਂ ਲੱਭੇ ਮੋਤੀ, ਲੇਖਕ ਸੇਵਾ ਸਿੰਘ ਜੀ ਨੂੰ ਆਪਣੀ ਕਲਮ ਦੁਆਰਾ ਪ੍ਰਾਣੀ-ਮਾਤਰ ਦੀ ਸੇਵਾ ਕਰਨ ਦਾ ਹੋਰ ਬਲ ਬਖ਼ਸ਼ੇ । ਉਸਾਰੂ ਸੋਚ ਵਾਲੀ ਕਲਮ ਦੀ ਸਿਆਹੀ ਕਦੇ ਸੁੱਕੇ ਨਾ, ਸ਼ਬਦ ਰੂਪੀ ਸਿਆਹੀ ਕਦੀ ਮੁੱਕੇ ਨਾ ।

-ਹਰਪਾਲ ਸਿੰਘ ਸੰਧੂ



## ਪ੍ਰਾਰਥਨਾ

**ਧਰਤ, ਆਕਾਸ਼, ਪਾਤਾਲ ਬਣਾ ਜਿਸ, ਸ੍ਰਿਸ਼ਟੀ ਰਚੀ ਤਮਾਮਾਂ ।**
**ਲੱਖ ਚੁਰਾਸੀ ਜੂਨ, ਬਨਸਪਤੀ, ਭਿੰਨ ਆਕਾਰਾਂ ਜਾਮਾਂ ।**
**ਕਾਇਨਾਤ ਕੰਟਰੋਲਰ ਥਾਪਿਆ, ਮਨੁੱਖ ਮੁਖਤਾਰੇ ਆਮਾਂ ।**
**ਬਜ਼ੁਰਗਾਂ ਮਾਪੇ, ਗੁਰੂ, ਪ੍ਰਭ ਨੂੰ, ਲੱਖ ਮੇਰੀਆਂ ਪ੍ਰਨਾਮਾਂ ।**

## ਭਗਤ ਜੀ ਦਾ ਮਿਲਾਪ

ਸੁਪਨੇ ਦੇ ਵਿਚ ਭਗਤ ਪੂਰਨ ਸਿੰਘ, ਦਾਸ ਦੇ ਲੱਗੇ ਮੱਥੇ ।
ਸੁਆਦ ਸੁਆਦ ਹੋਇਆ ਮੇਰਾ ਲੂੰ ਲੂੰ, ਦੀਦ ਹੋਈ ਦੁੱਖ ਲੱਥੇ ।
ਦੇ ਥਾਪਣਾ ਕਹਿਣ ਲਿਖਣ ਲਈ, ਕਲਮ ਫੜਾਈ ਹੱਥੇ ।
ਹਮ ਝੱਟ ਹੁਕਮ ਬ੍ਰਹਮ-ਗਿਆਨੀ ਦਾ, ਮੰਨ ਲਿਆ ਸਿਰ ਮੱਥੇ ।

ਹੁਕਮ ਬਜਾ ਲਿਆ ਸਾਹਿਬ ਦਾ, ਪਕੜ ਉਠਾਈਆਂ ਕਲਮਾਂ ।
ਕਲਮਾਂ ਅੱਗੇ ਹੇਚ ਹੁੰਦੀਆਂ, ਤੋਪ, ਬੰਦੂਕਾਂ ਬਲਮਾਂ ।
ਕਹਿੰਦੇ, "ਘਰ ਘਰ ਦਿਓ ਸੰਦੇਸ਼ੇ, ਫਿਰਾਂ ਮੈਂ ਦੁੱਖੀਆਂ ਪਲਮਾਂ" ।
ਸੇਵਾ ਕਰ ਦੂਰ ਕਰੋ ਦੁੱਖ ਜੱਗ ਦੇ, ਪਿਆਰ ਦੀਆਂ ਲਾ ਮਲ੍ਹਮਾਂ ।

## ਭਗਤ ਜੀ ਦਾ ਜਨਮ ਅਸਥਾਨ

ਲੁਧਿਆਣਾ, ਪੰਜਾਬ ਦਾ ਮਾਨਚੈਸਟਰ, ਜਾਣਿਆਂ ਜਾਣਨ ਵਾਲਾ ।
ਸਭ ਤੋਂ ਉੱਤਮ ਏਸ ਜ਼ਿਲ੍ਹੇ ਦੀ, ਤਹਿਸੀਲ ਇਕ ਸਮਰਾਲਾ ।
ਇਕ ਖਤਰੰਮਾਂ ਪਿੰਡ ਇਹ ਦੇ ਵਿਚ, ਰੋਹਣੋਂ ਰਾਜੇਵਾਲਾ ।
ਇਹ ਪਿੰਡ ਜੋ ਧਰਤੀ ਦੀ ਹਿੱਕੜੇ 'ਤੇ, ਚਮਕੇ ਵਾਂਗ ਜਵਾਲਾ ।

ਵੱਸੋਂ ਏਥੇ ਦੀ ਖੱਤਰੀ, ਬ੍ਰਾਹਮਣ, ਰੱਜੇ ਪੁੱਜੇ ਘਰ ਦੇ ।
ਇਹ ਮਹਾਂਭਾਰਤ, ਮਦ ਭਗਵਤ ਦਾ, ਪਾਠ ਰਮਾਇਣ ਕਰਦੇ ।
ਕਦੀ ਕਦੀ ਆ ਪੰਡਤ ਬਾਹਰੋਂ, ਖ਼ੂਬ ਕਥਾਵਾਂ ਕਰਦੇ ।
ਸੁਣ ਸੁਣ ਸਾਰੇ ਲੋਕ ਕਥਾਵਾਂ, ਰੂਹਾਂ ਪਵਿੱਤਰ ਕਰਦੇ ।

ਰਾਜੇਵਾਲ ਵਸਨੀਕ ਛਿੱਬੂ ਮੱਲ, ਸਭ ਲੋਕਾਂ ਤੋਂ ਨਿਆਰਾ ।
ਉਹ ਸਨਾਤਨ ਧਰਮੀ ਹਿੰਦੂ, ਬਹੁਤਾ ਪ੍ਰਭੂ ਪਿਆਰਾ ।



ਲੋੜਵੰਦਾਂ ਨੂੰ ਅੰਨ, ਧਨ ਦੇਂਦਾ, ਕਰਦਾ ਸ਼ਾਹੂਕਾਰਾ ।
ਹਰ ਦਮ ਕਰੇ ਸਹਾਇਤਾ ਸਭ ਦੀ, ਛਿੱਬੂ ਪਰਉਪਕਾਰਾ ।

## ਜਨਮ

ਬਹੁਤ ਦੁੱਖੀ ਪ੍ਰਭ ਜੀ ਹੋਏ, ਤੱਕ ਤੱਕ ਦੁਨੀ ਤਸੀਹਾ ।
ਲੂਲ੍ਹੇ, ਪਿੰਗਲੇ, ਅਪਾਹਜ ਸਾਂਭਣ ਦਾ, ਕਿਸੇ ਦਾ ਪਵੇ ਨਾ ਹੀਯਾ ।
ਸਾਰੀ ਖ਼ਲਕ ਮਲਕ ਨੇ ਪਰਖੀ, ਕੋਈ ਵੀ ਧਰੇ ਨਾ ਜੀਆ ।
ਪ੍ਰਭ ਨੇ ਭਗਤ ਜਗਤ 'ਤੇ ਭੇਜੇ, ਥਾਪ ਅਨਾਥਿ ਮਸੀਹਾ ।

ਉਨੀ ਸੌ ਚਾਰ 'ਚ ਚਾਰ ਜੂਨ ਨੂੰ, ਚਾਅ ਖ਼ੁਸ਼ੀ ਪਈ ਵਰਦੀ ।
ਛਿੱਬੂ ਮੱਲ ਪਿਤਾ ਦੇ ਘਰ ਵਿਚ, ਦੁਨੀਆਂ ਧੰਨ ਧੰਨ ਕਰਦੀ ।
ਮਾਂ ਮਹਿਤਾਬ ਕੌਰ ਘਰ ਜਨਮਿਆਂ, ਦੀਨ ਦੁਨੀ ਦਾ ਦਰਦੀ ।
ਜਿਸ ਨੇ ਪਵਨ ਚਲਾਈ ਏਹੀ, ਜੋ ਪੁਰ ਹਿੱਤ ਹਮਦਰਦੀ ।

ਹੁੰਦੜ ਹੇੜ, ਸੁਨੱਖਾ ਬਾਲਕ, ਝੱਲੀਆਂ ਜਾਣ ਨਾ ਤਾਬਾਂ ।
ਨਾਮ ਰਾਮ ਜੀ ਦਾਸ ਰੱਖਿਆ, ਜੋ ਨਾ ਫੱਬਦਾ ਸਾਹਿਬਾਂ ।
ਬੱਚਾ ਰੂਪ ਰਾਮ ਜੀ ਲੱਗੇ, ਖਿੜਿਆ ਵਾਂਗ ਗੁਲਾਬਾਂ ।
ਕਿਆ ਜਮਾਲ ਕਮਾਲ ਰਾਮ 'ਤੇ, ਚਮਕੇ ਮਿਸਲ ਮਾਹਤਾਬਾਂ ।

## ਕਾਲ ਪੈਣਾ

ਔੜ ਨੇ ਤੌੜ ਬਣਾਈ ਧਰਤੀ, ਬੇਵੱਸ ਹੋਈ ਕਿਸਾਨਾਂ ।
ਪੈ ਗਿਆ ਕਾਲ ਬੇਹਾਲ ਸਭੀ ਜੀਅ, ਪੱਠਾ ਚੋਗ ਨਾ ਖਾਣਾ ।
ਝੁਲਕਾ ਦੇਣ ਪੇਟ ਨੂੰ ਕੇਵੇਂ, ਮਿਲੇ ਨਾ ਤੂੜੀ ਦਾਣਾ ।
ਸਾਰੇ ਜੀਵ ਭੁੱਖੇ ਪਏ ਵਿਲਕਣ, ਵੇਖ ਪ੍ਰਭ ਦਾ ਭਾਣਾ ।

ਭੁੱਖੇ ਵੇਖ ਤੜਫਦੇ ਬੱਚੇ, ਤਰਸ ਛਿੱਬੂ ਮਲ ਆਇਆ ।
ਤੂੜੀ ਦਾਣਿਆਂ ਦੇ ਤਿੰਨ ਡੱਬੇ, ਲਾਇਲਪੁਰੋਂ ਭਰ ਲਿਆਇਆ ।
ਮਾਲ ਗੁਦਾਮ ਸਟੇਸ਼ਨ ਖੰਨੇ, ਤੋਲ ਲੋਕਾਂ ਵਰਤਾਇਆ ।
ਮੋੜਨੇ ਪਹੁੰਚ ਪਊ ਜਦ ਤੁਹਾਡੀ ਸਭਨਾਂ ਨੂੰ ਫ਼ਰਮਾਇਆ ।

ਕੀਤਾ ਭਲਾ, ਨਾ ਰਿਹਾ ਪੱਲਾ, ਏਹੀ ਬਦਨਸੀਬੀ ।
ਸ਼ਾਹੋਂ, ਖਾਕਸ਼ਾਹ ਹੋ ਗਏ ਛਿੱਬੂ, ਆ ਗਈ ਅਤਿ ਗ਼ਰੀਬੀ ।
ਮਤਲਬ ਵੇਲੇ ਨੇੜੂ ਸਾਰੇ, ਹੁਣ ਨਾ ਦਿਸੇ ਕਰੀਬੀ ।
ਕੇਵਲ ਮਿੱਤ ਮਤਲਬ ਦੀ ਦੁਨੀਆਂ, ਮਤਲਬ ਕੱਢ ਰਕੀਬੀ ।

ਲੱਖ ਸਵਾਰੋ ਕੰਮ ਦੁਨੀਆਂ ਦੇ, ਕੋਈ ਵੀ ਗਿਣੇ ਨਾ ਜਾਣੇ ।
ਕਰ ਇਲਾਜ ਬਚਾਵਣ ਮਰਦਾਂ, ਫਿਰ ਡਾਕਟਰ ਨੂੰ ਤਾਅਨੇ।
ਮਾਤਾ ਪਾਲ ਉਡਾਰੂ ਕਰਦੀ, ਵਿਰਲਾ ਮਾਂ ਪਛਾਣੇ ।
ਹਰ ਕੋਈ ਬੰਦਾ ਪਸ਼ੂਓਂ ਗੰਦਾ, ਰਤੀ ਅਹਿਸਾਨ ਨਾ ਜਾਣੇ ।

ਮਤਲਬ ਵੇਲੇ ਹਰ ਇਕ ਬੰਦਾ, ਬਾਪ ਗਧੇ ਨੂੰ ਕਹਿੰਦਾ ।
ਫਿਰ ਤੂੰ ਕੌਣ ਅਤੇ ਮੈਂ ਕਿਹੜਾ, ਜਾਂ ਮਤਲਬ ਨਾ ਰਹਿੰਦਾ ।
ਜਦ ਤੀਕਰ ਰਹਿ ਗਊ ਲਵੇਰੀ, ਤੱਦ ਤਕ ਗਊ-ਮਾਂ ਕਹਿੰਦਾ ।
ਦੁੱਧੋਂ ਦੌੜੀ ਨੂੰ ਕਹਿ ਫੰਡਰ, ਚਾਮੜੀਆ ਸੱਦ ਬਹਿੰਦਾ ।

## ਭਗਤ ਜੀ ਦੀ ਮਾਤਾ

ਮਾਪੇ ਕਦੇ ਨਾ ਹੋਣ ਕਮਾਪੇ, ਪੁੱਤ ਹੋ ਜਾਣ ਕੁਪੁੱਤੇ।
ਇਹ ਜਹਾਨ ਉਹਨਾਂ ਲਈ ਜੰਨਤ, ਜਿਨ੍ਹਾਂ ਦੇ ਸਰਵਣ ਪੁੱਤੇ ।
ਜਿਸ ਘਰ ਮਾਪੇ ਉਸ ਘਰ ਮੱਕਾ, ਸਤਿਕਾਰੋ ਹੱਜ ਹੋਵੇ ।
ਜਿਨ੍ਹਾਂ ਨੇ ਜਿਊਂਦੇ ਰੱਬ ਨੂੰ ਜਾਤਾ, ਉਹ ਸਭ ਭਗਤਾਂ ਤੋਂ ਉੱਤੇ ।



ਮਾਂ ਮਹਿਤਾਬ ਕੌਰ ਧੀ ਰਾਣੀ, ਰੱਜੇ ਪੁੱਜੇ ਜ਼ਿਮੀਂਦਾਰਾਂ ।
ਜਨ ਸੰਯੋਗ ਉਹਨਾਂ ਦਾ ਲਿਖਿਆ, ਛਿੱਬੂ ਮੱਲ ਸ਼ਾਹੂਕਾਰਾਂ ।
ਚੰਗੀ ਸਿਹਤ, ਜਵਾਨ, ਸੁਣੱਖੇ, ਫੱਬਣ ਵਿਚ ਮੁਟਿਆਰਾਂ ।
ਸੰਨ ਉਨੀ ਸੌ ਦੋ 'ਚ ਬੇਟੀ ਵਿਆਹ ਦਿੱਤੀ ਸਰਦਾਰਾਂ ।

ਮਾਂ ਮਹਿਤਾਬ ਕੌਰ ਜੀਉ ਸਨ, ਧਾਰਮਿਕ ਖ਼ਿਆਲਾਂ ਵਾਲੇ ।
ਤੜਕੇ ਕਰ ਇਸ਼ਨਾਨ ਜਾਣ ਉਹ, ਪਿੰਡ ਦੇ ਸ਼ਿਵ ਦਿਆਲੇ ।
ਸੁਣ ਸੁਣ ਪਾਠ ਰਮਾਇਣ, ਗੀਤਾ, ਹੋਣ ਪ੍ਰਸੰਨ ਨਿਆਲੇ ।
ਮਾਤਾ ਚੱਤੇ ਪਹਿਰ ਜਪਨ ਨਾਂ, ਹਰ ਇਕ ਸਵਾਸੇ ਨਾਲੇ ।

ਮਾਤਾ ਚੋਗ ਪੰਛੀਆਂ ਪਾਵਣ, ਗਊਆਂ ਮੂੰਹ ਗਰਾਹੀਆਂ ।
ਗਾਂ, ਮੱਝਾਂ ਨੂੰ ਦਿਨ ਭਰ ਖੂਹ 'ਤੇ, ਜਲ ਪਲਾਵਣ ਰਾਹੀਆਂ ।
ਮੰਗਤਾ ਦਰ ਤੋਂ ਮੁੜੇ ਨਾ ਖ਼ਾਲੀ, ਸਭ ਨੂੰ ਦੇਣ ਖੈਰਾਈਆਂ ।
'ਸੇਵਾ' ਕਰਨ ਪ੍ਰਭ ਦੇ ਜੀਵਾਂ, ਏਹੋ ਨੇਕ ਕਮਾਈਆਂ ।

ਮਾਤਾ ਕਹਿਣ ਰਾਮ ਪਾ ਚੋਗਾ, ਪੰਛੀਆਂ ਨੂੰ ਖੜ ਟੀਨੇ ।
ਰਾਮ ਨਿਆਣਾ, ਨੰਨ੍ਹੀ ਹੱਥੀਂ, ਪਾਉਣ ਪੰਛੀਆਂ ਚੀਨੇ ।
ਪਾ ਕਠਾਰੇ ਪਾਣੀ ਰੱਖਣ, ਕਾਂ, ਕਬੂਤਰ ਪੀਣੇ ।
ਸੇਵਾ ਜੀਵ ਜੰਤੂਆਂ ਕਰਦੇ, ਪਕੜ ਲਗਾਵਣ ਸੀਨੇ ।

ਪੂਰਨਮਾਸ਼ੀ ਦਾ ਵਰਤ ਰੱਖਦੇ, ਮਾਤਾ ਨਿਤ ਨਾਲ ਚਾਵ੍ਹਾਂ ।
ਓਥੇ ਵਰਤ ਸਾਰੀਆਂ ਰੱਖਣ, ਘਰ ਘਰ ਬਜ਼ੁਰਗ ਮਾਤਾਵਾਂ ।
ਕੀਰਤਨ ਕਰਨ ਬ੍ਰਹਮਦਾਸ ਜੀ, ਗੁਰੂ ਗ੍ਰੰਥ ਵਿਆਖਿਆਵਾਂ ।
ਉਸ ਦਿਨ ਸਾਰੇ ਬਹਿ ਕੇ ਸੁਣਦੇ, ਸਤਿ ਨਾਰਾਇਣ ਕਥਾਵਾਂ ।

ਮਾਂ ਮਹਿਤਾਬ ਬਣਵਾ ਤਾਲਾਬਾਂ, ਕੀਤੇ ਕੰਮ ਸਵਾਬਾਂ ।
ਪਿੱਪਲ, ਬੋਹੜ ਲਗਾਵਣ ਨਿੰਮਾਂ, ਜਿਨ੍ਹਾਂ ਤੋਂ ਕੋਈ ਲਾਭਾਂ ।
ਪਾਣੀ ਪਾ ਪਾ ਪਾਲਣ ਰੁੱਖਾਂ, ਸੇਵਾ ਬੇ-ਹਿਸਾਬਾਂ ।
ਮਾਂ ਮਹਿਤਾਬ ਕੌਰ ਜੀ ਪਰਉਪਕਾਰੀ ਕਰਨ ਭਲੇ ਅਸਬਾਬਾਂ ।

ਮਾਤਾ ਚੁੱਗਣ ਤੇ ਕਹਿਣ ਚੁੱਕਣ ਲਈ, ਰਾਹ 'ਚੋਂ ਇੱਟਾਂ ਰੋੜੇ ।
ਮਤਾ ਜ਼ੋਰ ਬੈਲਾਂ ਦਾ ਲੱਗੇ, ਪਹੀਏ ਖਾਣ ਮਰੋੜੇ ।
ਕੰਡੇ ਕਿਲ ਰਾਹਾਂ 'ਚੋਂ ਪਕੜਨ, ਪੁੜ ਨਾ ਜਾਵਣ ਪੌੜੇ ।
ਮਾਤਾ ਜੀ ਆਖਣ ਤੁਰੋ ਵੇਖ ਕੇ, ਮਰਨ ਨਾ ਕੀੜ ਮਕੌੜੇ ।

ਦੁਸਹਿਰੇ ਵਾਲੇ ਦਿਨ ਸਭ ਇਸਤਰੀਆਂ, ਟੋਬੇ ਜਾਵਣ ਤੜਕੇ ।
ਨਰਾਤਿਆਂ ਦੀਆਂ ਗੌਰਜਾਂ ਤਾਰਨ, ਨਾਲ ਨਿਆਣੇ ਖੜਕੇ ।
ਕੀੜਿਆਂ ਭੌਣ ਪਾਉਣ ਤਿਲ ਚੌਲੀ, ਸੁੱਖਣਾ ਮੰਗਣ ਖੜਕੇ ।
ਮਾਂ ਮਹਿਤਾਬ ਕਰਨ ਸਭ ਰਸਮਾਂ, ਨਾਲ ਰਾਮ ਜੀ ਖੜਕੇ ।

ਮਾਂ ਮਹਿਤਾਬ ਸੁਬ੍ਹਾ ਸਵੇਰੇ, ਫੁੱਲਕਾ ਜਦੋਂ ਪਕਾਉਂਦੇ ।
ਪਹਿਲਾਂ ਭੇਜ ਕੇ ਘਰ ਪੰਡਤ ਦੇ, ਫੇਰ ਜੀਆਂ ਵਰਤਾਉਂਦੇ ।
ਨਵੇਂ ਕੱਪੜੇ ਪਹਿਨਣ ਪਹਿਲੋਂ, ਗਊ ਸਿੰਙ ਕੁੰਭ ਛੁਹਾਉਂਦੇ ।
ਮਾਂ ਜੀ ਹਰ ਕੰਮ ਕਰਨੋਂ ਪਹਿਲਾਂ, ਸੌ ਸੌ ਸ਼ਗਨ ਮਨਾਉਂਦੇ ।

ਮਾਂ ਮਹਿਤਾਬ, ਛਿੱਬੂ ਮੱਲ ਦੋਵੇਂ, ਤੀਰਥ ਯਾਤਰਾ ਕਰਦੇ ।
ਜਾ ਹਰਿਮੰਦਰ ਮੱਥਾ ਟੇਕਣ, ਕੀਰਤਨ ਸਰਵਣ ਕਰਦੇ ।
ਹਰਦਵਾਰ ਤੇ ਰਿਸ਼ੀਕੇਸ਼ ਦੇ, ਦਰਸ਼ ਹਮੇਸ਼ਾਂ ਕਰਦੇ ।
ਦੋਵੇਂ ਸੀਸ ਝੁਕਾਉਣ ਪ੍ਰਭ ਨੂੰ, ਨਿੱਤ ਨਿਮਸ਼ਕਾਰਾਂ ਕਰਦੇ ।



ਰਾਮ ਜੀ ਦਾਸ ਦੇ ਜਨਮ ਦਿਵਸ ਮਾਂ, ਕੰਜਕਾਂ ਸੱਤ ਬੁਲਾਉਂਦੇ ।
ਮਿੱਠੇ ਚੌਲ, ਕਣਕ ਦੀ ਰੋਟੀ, ਮਾਂਹ ਦੀ ਦਾਲ ਪਕਾਉਂਦੇ ।
ਕੰਜਕਾਂ ਪੈਰ ਧਵਾਉਣ ਪੁੱਤਰ ਕੋ, ਭੋਜਨ ਫੇਰ ਛਕਾਉਂਦੇ ।
ਵੇਖੋ ਮਾਪੇ ਪੁੱਤਰਾਂ ਦੇ ਲਈ, ਕਿਤਨੇ ਸ਼ਗਨ ਮਨਾਉਂਦੇ ।

ਜਿਸ ਦੇ ਹਿਰਦੇ ਮਾਪਿਆਂ ਭਰਿਆ, ਭਲੇ ਕਰਮ ਸੰਸਕਾਰਾਂ ।
ਬਚਪਨ ਤੋਂ ਹੀ ਕਰਨ ਉਹ ਲੱਗਦੇ, ਸੇਵਾ ਪਰਉਪਕਾਰਾਂ ।
ਕੰਮ ਉਹਨਾਂ ਦੇ ਹਿੱਤ ਹਮਦਰਦੀ, ਦਰਦ ਦੁੱਖੀ ਦੀਆਂ ਸਾਰਾਂ ।
ਉਹੋ ਜੇਹੇ ਜੀਵ ਬਿਤਾਉਂਦੇ ਜੀਵਨ, ਕਰਕੇ ਸ਼ੁਭ ਵਿਵਹਾਰਾਂ ।

## ਰਾਮ ਦੀ ਪੜ੍ਹਾਈ ਲਈ ਨੌਕਰੀ ਕਰਨਾ

ਰਾਮ ਜਦੋਂ ਕੁਝ ਹੋਸ਼ ਸੰਭਾਲੀ, ਪੜ੍ਹਣ ਪਾਇਆ ਨਸਰਾਲੀ ।
ਉੱਠਣ, ਬੈਠਣ ਤੇ ਪੜ੍ਹਣ, ਲਿਖਣ ਦੀ, ਮੁੱਢਲੀ ਵਿਦਿਆ ਪਾ ਲਈ ।
ਰੱਬ ਦੀ ਬਖਸ਼ੀ ਤੀਖਣ ਬੁੱਧੀ, ਖੂਬ ਲਿਸ਼ਕਾ ਪੁਸ਼ਕਾ ਲਈ ।
ਰਾਮ ਨੂੰ ਪ੍ਰਾਇਮਰੀ ਅਧਿਆਪਕ ਜੀ ਨੇ, ਜੀਵਨ ਜਾਂਚ ਸਖਾਲੀ ।

ਪੁੱਤਰ ਪੜ੍ਹਣ ਖੰਨੇ ਵਿੱਚ ਪਾਇਆ, ਸਕੂਲ ਆਰੀਆ ਹਾਈ ।
ਉਮਰ ਲਲੂਰ ਦੂਰ ਦਾ ਪੈਂਡਾ, ਔਖੀ ਆਵਾਜਾਈ ।
ਹੋਸਟਲ ਵਿਚ ਕਰਾਇਆ ਦਾਖ਼ਲ, ਪਰ ਨਾ ਪੱਲੇ ਪਾਈ ।
ਮਾਤਾ ਜੀ ਕਰ ਕੱਤਣਾ, ਪੀਹਣਾ ਦੇਵੇ ਖ਼ਰਚ ਪੜ੍ਹਾਈ ।

ਰਲਾ ਸਿੰਘ ਨੇ ਕਿਹਾ ਛਿੱਬੂ ਸ਼ਾਹ, ਟਕੇ ਟੋਕਰੀ ਨਹੀਂ ਕਮਾਓ ।
ਮਿੰਟਗੁਮਰੀ 'ਚ ਜੇਲ੍ਹ ਡਾਕਟਰ ਘਰ, ਜਾ ਨੌਕਰ ਹੋ ਜਾਓ ।
ਕਮਰਾ, ਕੱਪੜੇ ਵਾਜ਼ਬ ਵੇਤਨ, ਰੱਜ ਕੇ ਰੋਟੀ ਖਾਓ ।
ਚਾਹੁੰਦੇ ਹੋ ਤਾਂ ਚਲੋ ਲਵਾਵਾਂ, ਆਪਣੇ ਮਨ ਬਣਾਓ ।

ਲੱਖੋਂ ਕੱਖ, ਠਾਕਰੋਂ ਚਾਕਰ, ਪੱਲੇ ਰਹੀ ਨਾ ਪਾਈ ।
ਜਣੇ ਖਣੇ ਕੋਂ ਪੈਸੇ ਲੈਣੇ, ਪਕੜਾਵਣ ਨਾ ਬਾਹੀਂ ।
ਸੈਂਕੜੇ ਕੋਹਾਂ ਦੂਰ ਘਰਾਂ ਤੋਂ, ਜਾਂ ਚਾਕਰੀ ਚਾਹੀ ।
ਵੇਖੋ ਕਰ ਕੰਗਾਲ ਸ਼ਾਹੋਂ ਰੱਬ, ਬਿਬਤਾ ਕੇਹੀ ਪਾਈ ।

ਮਾਂ ਮਹਿਤਾਬ, ਛਿੱਬੂ ਸ਼ਾਹ ਚਾਹੀ, ਡਾਕਟਰ ਸੇਵਾਦਾਰੀ ।
ਓਏ ! ਓਏ ! ਤੂੰ ! ਤੂੰ ! ਛਿੱਬੂ ਸ਼ਾਹ ਕੋਂ, ਗਈ ਨਾ ਮੂਲ ਸਹਾਰੀ ।
ਨੌਕਰੀ ਛੱਡ ਛਿੱਬੂ ਸ਼ਾਹ ਆ ਗਏ, ਇੱਜ਼ਤ ਸਮਝ ਪਿਆਰੀ ।
ਲੋਕਾਂ ਜਿਨ੍ਹਾਂ ਕਰੀ ਸਰਦਾਰੀ, ਉਹਨਾਂ ਲਈ ਔਖੀ ਦਾਰੀ ।

ਦੌੜ ਪੈਸੇ ਦੀ ਐਸੀ ਲੱਗੀ, ਕੋਈ ਨਾ ਰਹੇ ਪਿਛਾਹਾਂ ।
ਦੌੜ ਆਪਣੀ ਦੌੜੀ ਜਾਵਣ, ਲਿਤੜਦੇ ਭੈਣ-ਭਰਾਵਾਂ ।
ਹਰ ਇਕ ਚਾਹੇ ਅੱਗੇ ਲੰਘਣਾ, ਪੂਰੀਆਂ ਲਾ ਲਾ ਵਾਹਵਾਂ ।
ਕੋਈ ਨਾ ਨਾਲ ਮਿਲਾਵੇ ਜੱਗ 'ਤੇ, ਫੜ ਡਿਗਿਆਂ ਦੀਆਂ ਬਾਹਾਂ ।

## ਰਾਮ ਦਾ ਮਾਂ ਨੂੰ ਮਿਲਣਾ

ਮਿੰਟਗੁਮਰੀਓਂ ਛੱਡ ਨੌਕਰੀ, ਮਾਤਾ ਵਾਪਸ ਹੋਏ ।
ਲਾਹੌਰ ਸਰ ਗੰਗਾ ਰਾਮ ਹਸਪਤਾਲ, ਆ ਕੇ ਨੌਕਰ ਹੋਏ ।
ਨਾਲ ਸਮੇਂ ਦੇ ਡਿਊਟੀ ਦੇਣੀ, ਕੁਝ ਸਾਹ ਸੌਖੇ ਹੋਏ ।
ਉੱਥੇ ਵਿਤ ਅਨੁਸਾਰ ਡਿਊਟੀ, ਵੇਤਨ ਮਿਲਣ ਨਰੋਏ ।

ਛੁੱਟੀਆਂ ਆਈਆਂ ਖ਼ੁਸ਼ੀਆਂ ਛਾਈਆਂ, ਝੱਟ ਟਿਕਟਾਂ ਕਟਵਾਈਆਂ ।
ਲੈ ਕਿਤਾਬਾਂ, ਲੀੜੇ, ਕਰੀਆਂ ਵੱਲ ਲਾਹੌਰੇ ਧਾਈਆਂ ।
ਪਹੁੰਚਾ ਸਰ ਗੰਗਾ ਰਾਮ ਹਸਪਤਾਲੇ, ਕਰਦਾ ਵਾਹੋ ਦਾਹੀਆਂ ।
ਬਾਲਕ ਮਾਂ ਮਿਲਣ ਦੀਆਂ ਤਾਂਘਾਂ, ਲੈਣ ਦਿਲੇ ਅੰਗੜਾਈਆਂ ।



ਮਾਂ ਮਿਲੀ ਤਾਂ ਸਮਝੋ ਮਿਲਿਆ, ਆਬ-ਹਿਯਾਤ ਨੂਰਾਨੀ ।
ਫਿਰ ਗਈ ਜਾਨ ਜੁੱਸੇ ਅੱਧਮੋਏ, ਜਿਉਂ ਕਮਲਾਇਆ ਪਾਣੀ ।
ਮਾਂ ਮਿਲੀ ਮੰਨੋ ਰੱਬ ਮਿਲਿਆ, ਹੋਈ ਦੂਰ ਵੀਰਾਨੀ ।
ਮਾਂ ਪੁੱਤ ਰੂਹ ਕਲਬੂਤ ਮਿਲੇ ਜਾਂ, ਫੇਰ ਬਣੀ ਜ਼ਿੰਦਗਾਨੀ ।

ਬਹਿ ਅੰਮਾਂ ਦੀ ਗੋਦ ਰਾਮ ਜੀ, ਫੁੱਲਿਆ ਨਹੀਂ ਸਮਾਵੇ ।
ਡਾਲੀ ਸੰਗ ਫੁੱਲ ਖਿੜ ਖਿੜ ਹੱਸਣ, ਚਾਅ ਨਾ ਥੰਮਿਆ ਜਾਵੇ ।
ਮਾਂ ਦੀ ਗੋਦ ਸਵਰਗੋਂ ਸੁਹਣੀ, ਉਸ ਤੁਲ ਨਜ਼ਰ ਨਾ ਆਵੇ ।
ਜੱਗ 'ਚ ਮਾਂਵਾਂ ਠੰਡੀਆਂ ਛਾਵਾਂ, ਮਿਲਿਆਂ ਠੰਡ ਪੈ ਜਾਵੇ ।

## ਡੇਹਰਾ ਸਾਹਿਬ ਜਾਣਾ

ਮਾਂ ਨੂੰ ਜਿਗਰ ਦਾ ਟੁੱਕੜਾ ਮਿਲਿਆ, ਵਾਰੇ ਹੋਏ ਨਿਆਰੇ ।
ਕਰ ਇਸ਼ਨਾਨ, ਪਾ ਬਸਤਰ ਪਹੁੰਚੇ, ਡੇਹਰਾ ਸਾਹਿਬ ਗੁਰਦੁਆਰੇ ।
ਮੱਥਾ ਟੇਕ ਸੁਣੀ ਬਹਿ ਬਾਣੀ, ਅੰਮ੍ਰਿਤ ਮਿਲ ਗਏ ਸਾਰੇ ।
ਮਾਂ ਪੁੱਤ ਸਰਵਣ ਕੀਆ ਕੀਰਤਨ, ਪ੍ਰਗਟ ਦਸੇ ਦਵਾਰੇ ।

ਕੀਰਤਨ ਮਨ ਦੀਆਂ ਤਰਬਾਂ ਛੇੜੇ, ਕੱਟ ਦੇਵੇ ਕਰੜਾਈਆਂ ।
ਨਾਮ ਸ਼ਬਦ ਆ ਉਕਰਨ ਮਨ 'ਤੇ, ਆ ਜਾਵਣ ਨਰਮਾਈਆਂ ।
ਬਾਣੀ ਰਾਗ ਦੇ ਨਾਲ ਰੂਹਾਂ ਸਭ, ਖੀਵੀਆਂ, ਦੂਣ ਸਵਾਈਆਂ ।
ਸਭ ਦੀਆਂ ਸ਼ਾਂਤ ਆਤਮਾ ਹੋਵਣ, ਸੁਣ ਸੁਣ ਪ੍ਰਭ ਵਡਿਆਈਆਂ ।

ਜੀਕਰ ਅੰਨੋਂ ਜੀਅ ਨਾ ਅੱਕੇ, ਸੁਬ੍ਹਾ, ਸ਼ਾਮ ਨਿੱਤ ਖਾਇਆ ।
ਗੁਰਬਾਣੀ ਦੇ ਮੁੜ ਮੁੜ ਪੜ੍ਹਿਆਂ, ਆਨੰਦ ਦੂਣ ਸਵਾਇਆ ।
ਗੁਰਬਾਣੀ ਆਹਾਰ ਰੂਹਾਨੀ, ਜਿਸਮ ਲਈ ਅੰਨ ਖਾਇਆ ।
ਸੰਗਤੋ ਨਾਮ ਜਪੋ, ਪੜ੍ਹ ਬਾਣੀ, ਤ੍ਰਿਪਤੇ ਰੂਹ ਧਰਆਇਆ ।

ਸਭ ਅੰਦਰ ਮੌਜੂਦ ਚੰਗਾੜੀ, ਜੇ ਕੋਈ ਚਾਹੇ ਜਗਾਏ ।
ਸਭ ਅੰਦਰ ਸਚਿਆਰਾ ਵੱਸਦਾ, ਜੇ ਕੋਈ ਲੱਭ ਪਾਏ ।
ਬਾਣੀ ਪੜ੍ਹਿਆਂ, ਸੁਣਿਆਂ, ਜੱਪਿਆਂ, ਇਹ ਸਭ ਕੁਝ ਮਿਲ ਜਾਏ ।
ਪ੍ਰਭ ਨੂੰ ਸਿਮਰੋ ਸਾਫ਼ ਹੋਏ ਮਨ, ਇਹ ਥਾਂ ਤਖ਼ਤ ਖੁਦਾਏ ।

ਲੈ ਪ੍ਰਸਾਦਿ ਬਾਣੀ ਸੁਣ ਮਾਂ ਪੁੱਤ, ਲੰਗਰ ਦੇ ਵਿਚ ਆਏ ।
ਬਹਿ ਪੰਗਤ ਵਿਚ ਲੰਗਰ ਛਕਿਆ, ਬਰਤਨ ਮਾਂਜ ਮੰਜਾਏ ।
ਰੋੜੀ ਕੁੱਟ ਪੁਚਾਈ ਨੀਹਾਂ, ਭਾਗ ਸੇਵਾ ਵਿਚ ਪਾਏ ।
ਦੋਵੇਂ ਆਨੰਦ ਪ੍ਰਸੰਨ ਹੋ ਗਏ, ਪ੍ਰਭੂ ਪ੍ਰੇਮ ਧਿਆਏ ।

ਸੰਗਤ ਵਿੱਚੋਂ ਮਿਲੇ ਸਿਮਰਨਾ, ਪੰਗਤ ਵਿੱਚੋਂ ਸੇਵਾ ।
ਸੰਗਤ ਪੰਗਤ ਦੋਹਾਂ ਵਿੱਚੋਂ, ਮਿਲੇ ਸਤਿ ਦਾ ਮੇਵਾ ।
ਸਤਿ ਸੰਗਤ ਦੀ ਰੰਗਤ ਪਾਇਆਂ, ਤਨ ਮਨ ਹੋਵੇ ਖੀਵਾ ।
ਸਿਮਰਿਆਂ ਮਿਲੇ ਸਥਾਨ ਉਚੇਰਾ, ਤੇ ਮੇਹਰ ਹੋਏ ਗੁਰਦੇਵਾ ।

ਮਾਂ ਪੁੱਤਰ ਨੇ ਚਾਰ ਦਿਹਾੜੇ, ਇਕੱਠਿਆਂ ਖੂਬ ਗੁਜ਼ਾਰੇ ।
ਰਾਮ ਜੀ ਦਾਸ ਦੀ ਛੁੱਟੀ ਮੁੱਕੀ, ਕਰ ਲਏ ਪਿਛਾਂਹ ਤਿਆਰੇ ।
ਆਣ ਸਕੂਲ ਹੋਸਟਲ ਪਹੁੰਚੇ, ਮਾਂ ਮਹਿਤਾਬ ਦੁਲਾਰੇ ।
ਹੋਈਆਂ ਫੇਰ ਆਰੰਭ ਪੜ੍ਹਾਈਆਂ, ਕੋਰਸ ਕਰਨ ਤਿਆਰੇ ।

## ਰਾਮ ਜੀ ਦਾ ਪਿੰਡ ਦੇ ਮੰਦਰ ਜਾਣਾ

ਰਾਮ ਜੀ ਪੱਕੇ ਸਨਾਤਨ ਧਰਮੀ, ਤੇ ਮੰਦਰ ਦੇ ਪ੍ਰੇਮੀ ।
ਸਾਂਭ ਸੰਭਾਲ ਠਾਕਰਾਂ ਕਰਦੇ, ਰਸਮ ਜੋ ਮੁੱਢ ਕਦੀਮੀ ।
ਨਾਮ ਜਪਨ ਬਹਿ ਮੰਦਰ ਦੇ ਵਿਚ, ਪੂਜਾ ਪਾਠ ਪ੍ਰੇਮੀ ।
ਨਾਮ ਜਪ ਹੋਣ ਪਵਿੱਤਰ ਰੂਹਾਂ, ਨਿਮਰਤਾ, ਮਿੱਠ ਹਲੀਮੀ ।



ਇਕ ਦਿਨ ਰਾਮ ਜੀ ਪਹਿਲਾਂ ਵਾਂਗੂੰ, ਪਹੁੰਚੇ ਠਾਕਰ ਦਵਾਰੇ ।
ਕਰਾ ਇਸ਼ਨਾਨ ਠਾਕਰਾਂ ਕੀਤੀ, ਧੂਫ, ਬੱਤੀ ਦਰਬਾਰੇ ।
ਉਗਰਾਹ ਪ੍ਰਸਾਦ ਪੁਜਾਰੀ ਪਰਤੇ, ਮੰਦਰ ਆਣ ਪਧਾਰੇ ।
ਪੰਡਤ ਕੱਢ ਨੁਕਸ ਵਿਚ ਪੂਜਾ, ਝਿੜਕਣ ਰਾਮ ਵਿਚਾਰੇ ।

ਸਬਰ ਦਾ ਪਾਠ ਪੜ੍ਹਾਇਆ ਅੰਮਾਂ, ਰਾਮ ਜੀ ਨੇ ਚੁੱਪ ਧਾਰੀ ।
ਪੱਲਿਉਂ ਖੋਲ੍ਹ ਖਾਣ ਡਏ ਭੋਜਨ, ਪੁੱਤਰ ਅਤੇ ਪੁਜਾਰੀ ।
ਰਾਮ ਜੀ ਬੈਠੇ ਭੁੱਖੇ ਭਾਣੇ, ਸੁਲਾਹ ਨਾ ਉੱਕੀ ਮਾਰੀ ।
ਪਿਓ ਪੁੱਤ ਛੀਂ ਛੀਂ ਕਰਦੇ ਫਿਰਦੇ, ਬ੍ਰਿਤੀ ਨੀਚ ਪੁਜਾਰੀ ।

## ਫਤਹਿਗੜ੍ਹ ਸਾਹਿਬ ਸ਼ਹੀਦੀ ਜੋੜ ਮੇਲੇ 'ਤੇ ਜਾਣਾ

ਸ਼ਹੀਦੀ ਜੋੜ ਮੇਲੇ ਦੇ ਕਰਕੇ, ਹੋ ਗਏ ਬੰਦ ਅਦਾਰੇ ।
ਰਾਮ ਜੀ ਦਾਸ ਆਏ ਪਿੰਡ ਆਪਣੇ, ਜੀਕਰ ਬੱਚੇ ਸਾਰੇ ।
ਮਾਂ ਮਹਿਤਾਬ ਕੌਰ ਘਰ ਪਹੁੰਚੇ, ਮਿਲਣ ਆਏ ਪਰਿਵਾਰੇ ।
ਘਰ ਵਿੱਚ ਲੱਗ ਰੌਣਕਾਂ ਗਈਆਂ, ਮਿਲੇ ਜਦੋਂ ਜੀਅ ਸਾਰੇ ।

ਰਾਜੇਵਾਲ ਤੋਂ ਸੰਗਤ ਤੁਰ ਪਈ, ਫਤਹਿਗੜ੍ਹ ਸਾਹਿਬ ਮੇਲੇ ।
ਹੋਏ ਸ਼ਹੀਦ ਛੋਟੇ ਸਾਹਿਬਜ਼ਾਦੇ, ਜਿਸ ਥਾਂ ਮੁਗਲਾਂ ਵੇਲੇ ।
ਤਿੰਨ ਦਿਨ ਯਾਦ ਸ਼ਹੀਦਾਂ ਕਰਦੇ, ਮਿਲ ਗੁਰੂ ਨਾਨਕ ਚੇਲੇ ।
ਸਭ ਸਿਖ ਧੂੜ ਮੱਥੇ ਲਾ ਓਥੋਂ, ਸਮਝਣ ਭਾਗ ਸੁਹੇਲੇ ।

ਭਰ ਸਿਆਲ ਅਠਾਰਾਂ ਈਸਵੀ, ਰਾਮ ਤੁਰੇ ਨਾਲ ਭਾਈਆਂ ।
ਮਾਂ ਤੋਂ ਆਗਿਆ ਲੈ ਕਰ ਲਈਆਂ, ਨਾਲ ਸੰਗਤ ਦੇ ਧਾਈਆਂ ।
ਮਾਂ ਨੇ ਨਾਂ ਬੀਬੀਆਂ ਦੱਸੇ, ਬੱਸੀ ਜੋ ਵਿਆਹੀਆਂ ।
ਬੇਟਾ ਰਾਤ ਉਹਨਾਂ ਕੋਲ ਕੱਟਣੀ, ਭੋਜਨ, ਲੇਫ, ਤਲਾਈਆਂ ।

ਅਗਲੇ ਦਿਨ ਦੀਵਾਨ ਸੱਜ ਗਏ, ਸੰਗਤਾਂ ਬੇਸ਼ੁਮਾਰਾਂ ।
ਸਟੇਜ ਦੇ ਕੋਲ ਰਾਮ ਜੀ ਬਹਿ ਗਏ, ਸੁਣਨ ਲਈ ਪਰਚਾਰਾਂ ।
ਸੰਤ ਉਪਦੇਸ਼ ਸਿੱਖੀ ਦਾ ਦੇਂਦੇ, ਢਾਡੀ ਗਾਉਂਦੇ ਵਾਰਾਂ ।
ਦੀਵਾਨ ਵਿਚ ਮਹਾਰਾਜਾ ਭੁਪਿੰਦਰ ਸਿੰਘ ਆ ਬੈਠੇ, ਮੋਹਰਲੀਆਂ ਵਿਚ ਕਤਾਰਾਂ

ਅੰਗ ਰੱਖਿਅਕ ਮਹਾਰਾਜੇ ਦਾ ਆ ਕੇ, ਖੜ ਗਿਆ ਹੇਠ ਮਹਿਰਾਬਾਂ ।
ਵੱਡੀ ਪੱਗ ਤੇ ਬੰਨਿਆਂ ਦਾੜ੍ਹਾ, ਚਿਹਰਾ ਖਿੜ੍ਹੇ ਗੁਲਾਬਾਂ ।
ਸਰੂ ਸਰੀਰ ਤੇ ਦਿਖ ਤੇਜੱਸਵੀ, ਫੱਬੇ ਬੇਹਿਸਾਬਾਂ ।
ਬਹੁਤੀ ਛਬ ਸਰੂਪ ਸਿੱਖੀ ਦਾ, ਝੱਲੀਆਂ ਜਾਣ ਨਾ ਤਾਬਾਂ ।

ਸਿੱਖ ਸੁਣੱਖਾ ਵੇਖ ਰਾਮ ਦੀਆਂ, ਚੁੰਧਿਆ ਗਈਆਂ ਅੱਖਾਂ ।
ਸਿੱਖ ਸਰੂਪ ਲੱਗੇ ਉਸ ਸੁਹਣਾ, ਵਿਚ ਹਜ਼ਾਰਾਂ ਲੱਖਾਂ ।
ਮੋਹ ਲਿਆ ਰਾਮ, ਸਰੂਪ ਸਿੱਖੀ ਨੇ, ਕਿਆ ਸਿੱਖੀ ਦੀਆਂ ਦੱਖਾਂ ।
ਰਾਮ ਜੀ ਸਿੱਖ ਸੱਜਣ ਮਨ ਕਰਿਆ, ਘੋਖ ਸਿੱਖੀ ਸਭ ਪੱਖਾਂ ।

## ਗੁਰਦੁਆਰਾ ਜਿਓਤੀ ਸਰੂਪ ਦੇ ਦਰਸ਼ਨ

ਲਾਜ ਧਰਮ ਦੀ ਰੱਖੀ ਬਾਲਾਂ, ਦੇ ਕੇ ਪਰਾਣ ਆਹੂਤੀ ।
ਨੰਗੇ ਪੈਰ ਸੰਗਤ ਸਭ ਪਹੁੰਚੀ, ਗੁਰਦੁਆਰਾ ਸਰੂਪ ਜਿਓਤੀ ।
ਧੰਨ ਧੰਨ ਭਾਗ ਸ਼ਹੀਦੀ ਥਾਂ ਦੀ, ਮੱਥੇ ਲਾਈ ਭਭੂਤੀ ।
ਵਾਹ ਵਾਹ ਇਤਿਹਾਸ ਗੁਰੂ ਗੋਬਿੰਦ ਸਿੰਘ, ਫ਼ਲਸਫ਼ਾ ਬਹੁਤ ਅਦੁੱਤੀ ।

ਜਿਓਂ ਬੱਚੇ ਨਾਂ ਅਮਰ ਕਰ ਗਏ, ਇਸ਼ਟ ਪਿਆਰ ਤਾਕੀਦੀ ।
ਤੇਵੇਂ ਰਾਮ ਤਿਆਰ ਕਰਨ ਲਈ, ਜਿਸ ਵਿਚ ਲੋਕ ਬਹਿਬੂਦੀ ।



ਸਿੱਖ ਸੰਗਤ ਵਿਚ ਸਭੀ ਬਰਾਬਰ, ਊਚ ਨੀਚ ਨਾ ਜੀਅ ਦੀ ।
ਰਾਮ ਜੀ ਦਾਸ ਮਸੀਹਾ ਬਣਿਆ, ਲੰਘ ਕੇ ਪੁਰਬ ਸ਼ਹੀਦੀ ।

ਮੇਲਿਓਂ ਪਰਤ ਕਹਿ ਰਾਮ ਅੰਮਾਂ ਨੂੰ, ਮੈਂ ਰਹਿਣਾ ਸਿੱਖ ਬਣ ਕੇ ।
ਬਾਲ ਗੁਰੂ ਨੂੰ ਅਰਪਨ ਕੀਤਾ, ਗੁਰੂ ਦੇ ਚੇਲੇ ਬਣ ਕੇ ।
ਮਾਂ ਸਿੱਖੀ ਮੈਂ ਸੇਵਾ ਵਿਚ ਲਾਉਣੀ, ਗੁਰੂ ਦਾ ਰਹਿਣਾ ਬਣ ਕੇ ।
ਰਾਮ ਜੀ ਦਾਸ ਨਿਭਾਈ ਸਿੱਖੀ, ਭਗਤ ਪੂਰਨ ਸਿੰਘ ਬਣ ਕੇ ।

## ਲੁਧਿਆਣੇ ਦਸਵੀਂ ਦਾ ਇਮਤਿਹਾਨ ਦੇ ਕੇ ਆਉਣਾ

ਚੌਦਾਂ ਸਾਲ ਦੀ ਉਮਰ ਰਾਮ ਜੀ, ਨੌਵੀਂ ਚੜ੍ਹੇ ਜਮਾਤੇ ।
ਦਿਨੇਂ ਤ੍ਰਿਕਾਲੀਂ ਮਿਹਨਤ ਕਰਦੇ, ਉੱਠ ਸੁਬ੍ਹਾ ਪ੍ਰਭਾਤੇ ।
ਚੰਗੇ ਪੜ੍ਹੇ ਲਿਖੇ ਅਧਿਆਪਕ, ਮਿਹਨਤ ਖੂਬ ਕਰਾਤੇ ।
ਪੜ੍ਹਾਈ ਨਾਲ ਗੁਰੂ ਚੇਲਿਆਂ ਤਾਈਂ, ਉੱਚ ਇਖ਼ਲਾਕ ਸਖਾਤੇ ।

ਨੌਂਵੀਂ ਪਾਸ ਕਰ ਹੋਏ ਵਿੱਚ ਦਸਵੀਂ, ਰਾਮ ਜੀ ਦਾਸ ਨਮਾਣੇ ।
ਪੜ੍ਹਦੇ ਰਹੇ ਖੰਨੇ ਵਿਚ ਐਪਰ, ਸੈਂਟਰ ਵਿੱਚ ਲੁਧਿਆਣੇ ।
ਪੇਪਰ ਹੁੰਦੇ ਰਹੇ ਕਈ ਦਿਹਾੜੇ, ਠਹਿਰੇ ਵਿਚ ਲੁਧਿਆਣੇ ।
ਸਭ ਦੇ ਅੰਤ ਮੁੱਕੇ ਜਾ ਪੇਪਰ, ਪਰਤੇ ਘਰੀਂ ਨਿਆਣੇ ।

ਪੇਪਰ ਦੇ ਕੇ ਸਭੀ ਖੰਨੇ ਨੂੰ, ਵਾਪਸ ਹੋਏ ਰਵਾਨਾ ।
ਕੋਈ ਗੱਡੀ, ਕੋਈ ਮੋਟਰ ਚੜ੍ਹ ਕੇ, ਪਹੁੰਚੇ ਘਰੀਂ ਟਕਾਣਾ ।
ਰਾਮ ਦੀ ਮਾਇਕ ਹਾਲਤ ਮਾੜੀ, ਪੱਲੇ ਇਕ ਨਾ ਆਨਾ ।
ਲੁਧਿਆਣਿਉਂ ਵਾਪਸ ਪੈਦਲ ਤੁਰ ਪਿਆ, ਬਾਲਕ ਨਿੰਮੋਝਾਣਾ ।

ਹਨੇਰ ਹੋਣ ਤਕ ਤੁਰੇ ਰਾਮ ਜੀ, ਚਲਦੇ ਵਾਹੋ ਦਾਹੇ ।
ਸਰੀਰ ਨਰੋਆ ਥੱਕ ਨਾ ਜਾਣਨ, ਪਹੁੰਚੇ ਨਹਿਰ ਦੁਰਾਹੇ ।
ਇਕ ਸੂਰਮੇ ਸਿੰਘ ਖੂਹੀ ’ਤੇ, ਡੇਰੇ ਪੱਕੇ ਲਾਏ ।
ਵਿਚਾਰੇ ਰਾਮ ਆ ਬੈਠੇ ਓਥੇ, ਘੁੱਪ ਹਨੇਰੇ ਛਾਏ ।

ਪੜ੍ਹੀ ਰਹਿਰਾਸ ਸੂਰਮੇ ਸਿੰਘ ਨੇ, ਸੁਣੀ ਇਹ ਜਦ ਰਾਮਦਾਸੇ ।
ਕਰਕੇ ਪਾਠ ਸੂਰਮੇ ਸਿੰਘ ਨੇ, ਸੋਧ ਦਿੱਤੇ ਅਰਦਾਸੇ ।
ਰਾਮ ਜੀ ਦਾਸ ਨੂੰ ਦੋਵਾਂ ਪੁੱਛਿਆ, ਨਾਲ ਪਿਆਰ ਦਲਾਸੇ ।
ਤੁਮ ਹੋ ਕੌਣ ਤੇ ਕਿੱਥੋਂ ਆਏ, ਜਾਣਾ ਹੈ ਕਿਸ ਪਾਸੇ ।

ਜਦੋਂ ਸੂਰਮੇ ਸਿੰਘ ਨੇ ਰਾਮ ਦੀ, ਵਿਥਿਆ ਸੁਣੀ ਤਮਾਮੇ ।
ਆਟਾ ਦਾਲ ਪੇਸ਼ ਕਰ ਕਹਿੰਦੇ, ਰਾਤ ਕਰੋ ਵਿਸ਼ਰਾਮੇ ।
ਗੱਲ ਸੁਣ ਕੇ ਜੱਟ ਵਰਤ ਰੱਖੇ ਦੀ, ਲੈ ਗਿਆ ਘਰੇ ਮਕਾਮੇ ।
ਉਚੇਚੇ ਉਸ ਮਿੱਠੇ ਚੌਲ ਖਵਾਏ, ਬਿਸਤਰ ਰਾਤ ਅਰਾਮੇ ।

## ਰੇਰੂ ਸਾਹਿਬ ਜਾਣਾ

ਰੇਰੂ ਸਾਹਿਬ ਸਵੇਰੇ ਪਹੁੰਚਿਆ, ਮਾਂ ਮਹਿਤਾਬ ਦੁਲਾਰਾ ।
ਲੱਸੀ, ਚਾਹ ਛਕਣ ਤੇ ਸੋਚਣ, ਕਹਿਣ ਇਹਨੂੰ ਗੁਰਦਵਾਰਾ ।
ਮਿੱਠੇ ਜੇਹੇ ਬੋਲ ਬੋਲਣ ਵਰਤਾਵੇ, ਪਰਸ਼ਾਦੇ ਜਲ ਧਾਰਾ ।
ਭਗਤਾਂ ਵੇਖ ਸਿੱਖੀ ਹਰ ਪੱਖੋਂ, ਧਾਰੀ ਜੀਵਨ ਸਾਰਾ ।

ਸੰਤ ਅਤਰ ਸਿੰਘ ਰੇਰੂ ਕੋਲੋਂ, ਜਾਣ ਮਹਾਤਮ ਬਾਣੀ ।
ਗੁਰੂ ਘਰ ਦੀਆਂ ਆਜ਼ਾਦ ਫ਼ਜ਼ਾਵਾਂ, ਕੀਲ ਲਿਆ ਬ੍ਰਹਮ ਗਿਆਨੀ ।
ਪਾਠ, ਲੰਗਰ, ਸਰਾਂ ਕਰਾਂਤੀ ਹਿਰਦੇ, ਦਿਲ ਦੇ ਵਿਚ ਇਹ ਠਾਣੀ ।
ਮੈਂ ਹੁਣ ਮਨੁੱਖਤਾ ਦੀ ਖ਼ਿਦਮਤ, ਇਸ ਪ੍ਰਕਾਰ ਨਿਭਾਣੀ ।



ਰਾਮ ਜੀ ਦਾਸ ਪੂਰਨ ਸਿੰਘ ਬਣਿਆ, ਪਾ ਸਿੱਖੀ ਦਾ ਬਾਣਾ ।
ਮਨ ਨਾਲ ਫ਼ੈਸਲਾ ਜ਼ਰੂਰ ਬਣਾਊਂ, ਨਿਥਾਵਿਆਂ ਕੋਈ ਟਕਾਣਾ ।
ਨਿਆਸਰੇ ਰੋਗੀਆਂ ਬਣੂੰ ਆਸਰਾ, ਖੋਹਲਾਂਗਾ ਦਵਾਖ਼ਾਨਾ ।
ਮੈਂ ਸੇਵਾ ਕਰਨ ਲਈ ਲੋੜਮੰਦਾਂ ਦੀ ਸਾਧਨ ਜ਼ਰੂਰ ਜੁਟਾਣਾ ।

ਰੇਰੂ ਸਾਹਿਬ ਦੀ ਪਾਕ ਸੇਵਾ ਦਾ, ਅਸਰ ਰਾਮ ’ਤੇ ਗਾੜਾ ।
ਪਨਪੇ ਖ਼ਿਆਲ ਉਸ ਬੀਜ ਰੂਪ ਵਿਚ, ਉਸ ਦਿਨ ਪਿੰਗਲਵਾੜਾ ।
ਰੋਟੀ ਰਿਹਾਇਸ਼ ਸਭ ਲੋੜਮੰਦਾਂ ਲਈ, ਲੰਘੇ ਸੁਖੀ ਦਿਹਾੜਾ ।
ਭਗਤ ਦੇ ਅਮਲੀ ਰੂਪ ਸੋਚ ਨੂੰ, ਰੱਚਿਆ ਪਿੰਗਲਵਾੜਾ ।

## ਕੰਪਾਰਟਮੈਂਟ ਤੇ ਦੁਬਾਰਾ ਪੇਪਰ

ਮਿਹਨਤ ਮਾਰ ਪ੍ਰੀਖਿਆ ਦਿੱਤੀ, ਐਪਰ ਵਰ ਨਾ ਹੋਈ ।
ਕੁਝ ਚਿਰ ਬਾਅਦ ਨਤੀਜਾ ਆਇਆ, ਆਸ ਨਾ ਪੂਰੀ ਹੋਈ ।
ਸਭ ਵਿਸ਼ਿਆਂ ’ਚੋਂ ਪਾਸ ਹੋ ਗਏ, ਪਾਸ ਗਣਿਤ ਨਾ ਹੋਈ ।
ਰਾਮ ਜੀ ਰਹਿ ਗਏ ਹਿਸਾਬ ਪਰਚਿਓਂ, ਦਸਵੀਂ ਪਾਸ ਨਾ ਹੋਈ ।

ਹੋ ਗਿਆ ਫੇਲ੍ਹ ਤੇ ਖੇਲ ਵਿਗੜਿਆ, ਦਿਲ ’ਚ ਘੋਰ ਨਿਰਾਸ਼ਾ ।
ਲਾਹੌਰ ਜਾਵਾਂ ਕਿ ਘਰ ਨੂੰ ਜਾਵਾਂ, ਨਜ਼ਰ ਨਾ ਆਵੇ ਪਾਸਾ ।
ਖੁਸ਼ੀਆਂ ਖ਼ਤਮ ਬਹੁਤੀਆਂ ਸੋਚਾਂ, ਉੱਕਾ ਮੁੱਕਾ ਹਾਸਾ ।
ਫੇਲ੍ਹ ਹੋ ਸੋਚ ਸਵਾਰ ਭਟਕਦਾ, ਜਿਉਂ ਮੁਤਲਾਸ਼ੀ ਪਿਆਸਾ ।

ਪਿੰਡ ਜਾਵਾਂ ਜਾਂ ਮਾਂ ਕੋਲ ਜਾਵਾਂ, ਲੱਗੀ ਸੋਚ ਲੜਾਈ ।
ਮੰਦ ਵਿਹਾਰ ਪਿਆਰ ਨਾ ਕੋਈ, ਮਤਰੇਆ ਭਰਾ ਭਰਜਾਈ ।
ਓਪਰਾਪਨ ਪਿਤਾ ਜੀ ਪਾਸੋਂ, ਹਿੱਤ ਨਾ ਦਿਸਦਾ ਕਾਈ ।
ਰਾਮ ਲਈ ਸਿਰਫ਼ ਮਾਂ ਹੀ ਛਾਂ ਸੰਘਣੀ, ਉਸ ਵੱਲ ਕਰ ਲਈ ਧਾਈ ।

ਘਰ ਦੀ ਖਿੱਚ ਨਾ ਦਿਲ 'ਚ ਕੋਈ, ਮਿਲਿਆ ਮਾਂ ਪਿਆਰੀ ।
ਆਈ ਕੰਪਾਰਟਮੈਂਟ ਇਮਤਿਹਾਨ 'ਚੋਂ, ਵਿਥਿਆ ਦੱਸੀ ਸਾਰੀ ।
ਅੰਮਾਂ ਨੇ ਆਪਣੇ ਪੁੱਤਰ ਤਾਈਂ, ਕੀਤਾ ਬਚਨ ਤਿਆਰੀ ।
ਬੇਟਾ ਜੀ ਦਿਓ ਦੁਬਾਰਾ ਪੇਪਰ, ਵੇਖ ਲਵੋ ਇਕ ਵਾਰੀ ।

ਭੇਜ ਦਾਖ਼ਲਾ ਇਮਤਿਹਾਨ ਦੀ, ਖ਼ੂਬ ਤਿਆਰੀ ਕਰਦੇ ।
ਚੱਤੇ ਪਹਿਰ ਦੁਹਰਾਉਂਦੇ ਕੋਰਸ, ਦਿਨ ਰਾਤ ਇਕ ਕਰਦੇ ।
ਮਿਹਨਤ ਕਰ ਪ੍ਰੀਖਿਆ ਦੇਂਦੇ, ਰੀਝ ਨਾਲ ਪੇਪਰ ਕਰਦੇ ।
ਨਤੀਜੇ ਤਕ ਮਾਂ ਕੋਲ ਠਹਿਰ ਪੂਰਨ ਸਿੰਘ, ਉਡੀਕ ਨਤੀਜਾ ਕਰਦੇ ।

ਹਰਨਾਮ ਸਿੰਘ ਚੱਕੀ ਵਾਲੇ ਘਰ ਅੰਮਾਂ, ਕੰਮ ਕਰਨ ਹਰ ਵੇਲੇ ।
ਉਸਦਾ ਲਿਆ ਕਿਰਾਏ ਕਮਰਾ, ਲੰਘਣ ਦਿਨ ਸੁਖੇਲੇ ।
ਬਜ਼ੁਰਗਾਂ, ਜਵਾਨ ਪੂਰਨ ਸਿੰਘ ਵੇਖੇ, ਫਿਰਦੇ ਬਿਲਕੁੱਲ ਵਿਹਲੇ ।
ਸੇਵਾ ਕਰਨ ਜਾਇਆ ਕਰ ਕਹਿੰਦੇ, ਡੇਹਰਾ ਸਾਹਿਬ ਸਵੇਲੇ ।

ਪੂਰਨ ਸਿੰਘ ਇਕ ਸਾਧਾਰਨ ਵਿਅਕਤੀ, ਗ਼ਰੀਬ ਗੁਰੂ ਦਾ ਬਰਦਾ ।
ਹੋਈ ਅਪਾਰ ਪ੍ਰਭ ਦੀ ਕਿਰਪਾ, ਦਿਲ 'ਚ ਗੁਰ ਘਰ ਸ਼ਰਧਾ ।
ਅਸਰ ਅਮਿਟ ਅੱਲੜ 'ਤੇ ਛੱਡ ਗਈ, ਜੋ ਗੱਲ ਬੁੱਢਾ ਕਰਦਾ ।
ਭਗਤ ਪੂਰਨ ਸਿੰਘ ਉਸੇ ਦਿਨ ਤੋਂ, ਮੱਲਿਆ ਦਰ ਗੁਰ ਘਰ ਦਾ ।

ਜਿਉਂ ਬਿਜਲੀ ਨਾਲ ਤਾਰ ਜੋੜਿਆਂ, ਹੋ ਜਾਂਦੀ ਰੁਸ਼ਨਾਈ ।
ਤਿਉਂ ਪ੍ਰਭ ਜੀ ਨਾਲ ਸੁਰਤ ਜੋੜ ਕੇ, ਜੀਵਨ ਜੋਤ ਜਗਾਈ ।
ਚੰਗਿਆਈਆਂ ਦੇ ਸੋਮੇ ਸਾਹਵੇਂ, ਜਾ ਦਿਲ ਖਿੜਕੀ ਲਾਹੀ ।
ਸੇਵਾ, ਸੱਚ, ਪਿਆਰ, ਨਿਮਰਤਾ, ਮਨ ਵਿਚ ਆਣ ਸਮਾਈ ।



## ਡੇਹਰਾ ਸਾਹਿਬ ਦਾ ਲੜ ਫੜਨਾ

ਪਹਿਲੇ ਹੀ ਦਿਨ ਸਾਈਂ ਦਿੱਤੇ ਤੋਂ, ਸੁਣੀ ਇਲਾਹੀ ਬਾਣੀ ।
ਖੁੱਲ੍ਹੇ ਕਪਾਟ ਵਜਦ ਮਨ ਆਇਆ, ਮਿਲੀ ਖ਼ੁਰਾਕ ਰੂਹਾਨੀ ।
ਹੋਇਆ ਜਲੌ ਇਕ ਰੱਬੀ ਲੋਅ ਦਾ, ਦਿਲ 'ਚ ਚਮਕ ਨੂਰਾਨੀ ।
ਪੂਰਨ ਸਿੰਘ ਪੂਰਨ ਗ੍ਰੰਥ ਤਾਬਿਆ, ਮਾਲਕ ਦੋ ਜਹਾਨੀ ।

ਡੇਹਰਾ ਸਾਹਿਬ ਦੇ ਮੁੱਖੀ ਜੱਥੇਦਾਰ, ਮਹੰਤ ਤੇਜਾ ਸਿੰਘ ਭਾਈ ।
ਪੂਰਨ ਸਿੰਘ 'ਚੋਂ ਦਿੱਸਿਆ ਉਸਨੂੰ ਮਹਾਨ ਮਨੁੱਖ ਕਮਾਈ ।
ਪੁੱਛਿਆ ਪਾਸ ਬਠਾਲ ਪਿਆਰੇ, ਸੋਚ ਕੀ ਏਥੇ ਲਿਆਈ ।
ਆਖਣ ਜੀਵਣ ਲਾਉਣ ਆਇਆ ਮੈਂ, ਸੇਵਾ ਲੋਕ ਭਲਾਈ ।

ਇਹ ਬੱਚਾ ਤਾਂ ਮੋਤੀ ਸੁੱਚਾ, ਮਨੋਂ ਆਵਾਜ਼ਾ ਆਵੇ ।
ਸੇਵਾ ਵਿਚ ਕਰ ਲਿਆ ਸ਼ਾਮਲ, ਰੂਹ, ਰੂਹਾਂ ਨੂੰ ਭਾਵੇ ।
ਜੋ ਵੀ ਸੇਵਾ ਸੌਂਪਣ ਉਸਨੂੰ, ਭੱਜ ਭੱਜ ਫ਼ਰਜ਼ ਨਿਭਾਵੇ ।
ਸੋਚਣ ਕਿਤੇ ਇਹ ਅਮੋਲਕ ਹੀਰਾ, ਹੱਥੋਂ ਨਿਕਲ ਨਾ ਜਾਵੇ ।

ਮਤਰੇਆ ਭਰਾ, ਨਿਰਮੋਹੇ ਬਾਪੋਂ, ਬੇਰੁੱਖੀਆਂ ਤੇ ਖੇਦਾਂ ।
ਪਿਤਰੀ ਪਿਆਰ ਮਹੰਤੋਂ ਮਿਲਿਆ, ਚੰਗੀਆਂ ਜੀਵਨ ਸੇਧਾਂ ।
ਡੇਹਰਾ ਸਾਹਿਬ 'ਚ ਭਟਕਣ ਮੁੱਕੀ, ਪਾਇਆ ਪ੍ਰਭ ਦੇ ਭੇਦਾਂ ।
ਭਗਤ ਨੂੰ ਘਰ ਸਦੀਵੀ ਮਿਲਿਆ, ਜਿਸ ਦੀਆਂ ਸਦਾ ਉਮੈਦਾਂ ।

ਮਹੰਤ ਪੂਰਨ ਨੂੰ ਤੱਕ ਤੱਕ ਜਿਊਂਦੇ, ਜਦ ਤੀਕਰ ਰਹੇ ਜਿਊਂਦੇ ।
ਸਭ ਤੋਂ ਪਿਆਰ ਵਧੇਰੇ ਕਰਦੇ, ਉਸਦੇ ਸਾਹ ਨਾਲ ਜਿਊਂਦੇ ।
ਪਹਿਲਾਂ ਖਵਾਉਣ ਪੂਰਨ ਸਿੰਘ ਤਾਈਂ, ਮਗਰੋਂ ਖਾਂਦੇ ਪੀਂਦੇ ।
ਬੜੇ ਸੁੱਖੀ ਉਹ ਪਹੁੰਚੇ ਸਾਧੂ, ਸਭ ਨੂੰ ਇਕ ਅੱਖ ਵਿਹੰਦੇ ।

ਮਹੰਤ ਕਹੇ 'ਤੇ ਖੜਣ ਪੂਰਨ ਸਿੰਘ, ਦਵਾਉਣ ਬੀਮਾਰ ਦਵਾਈਆਂ।
ਸਾਂਭ ਸੰਭਾਲ ਬੀਮਾਰ ਬੀਬੀਆਂ, ਉਸਦੇ ਜ਼ੁੰਮੇ ਲਾਈਆਂ।
ਅਪਾਹਜ, ਪਿੰਗਲਿਆਂ ਬਸਤਰ ਪਾਉਂਦੇ, ਭੋਜਨ ਪਾਉਣ ਗਰਾਹੀਆਂ।
ਸੇਵਾ, ਸੰਭਾਲ ਨਿਆਸਰਿਆਂ ਸਭ, ਪੂਰਨ ਹਿੱਸੇ ਆਈਆਂ।

## ਮਾਤਾ ਜੀ ਦਾ ਸਦੀਵੀ ਵਿਛੋੜਾ ਦੇ ਜਾਣਾ

ਮਾਂ ਮਹਿਤਾਬ ਕੌਰ ਬੀਮਾਰ ਹੋ ਗਏ, ਵਿਚ ਉਨੀਂ ਸੌ ਅਠਾਈ।
ਸਰਵਣ ਪੁੱਤ ਨੇ ਵਾਹ ਲਗਾਈ, ਕਰਨ ਇਲਾਜ ਦਵਾਈ।
ਮਾਂ ਦੇ ਨਾਲ ਜਹਾਨ ਵੱਸਦਾ ਬਹੁਤ ਚੌਫੇਰ ਲੋਕਾਈ।
ਘਟੀ ਦਾ ਬਣੇ ਨਾ ਦਾਰੂ ਕੋਈ ਵਧੀ ਦੀ ਸਭ ਦਵਾਈ।

ਪੁੱਤਰਾ ਦਵਾ ਦਵਾਉਣ ਲੈ ਜਾਣਾ, ਇਸਤਰੀਆਂ ਕੰਮ ਤੇਰਾ।
ਗੰਦ ਧੋ, ਨਵਾਲ, ਪਵਾਉਣੇ ਲੀੜੇ, ਧਰਮ ਨਾ ਡੋਲੇ ਤੇਰਾ।
ਪੰਘਰੇ ਘਿਓ ਸੇਕ ਦੇ ਨੇੜੇ, ਇਹ ਅਸੂਲ ਪਕੇਰਾ।
ਪੁੱਤਰਾ ਪਾ ਪੰਜਾਂ 'ਤੇ ਕਾਬੂ, ਧਾਰ ਭਗਤ ਦਾ ਜ਼ੇਰਾ।

ਸਭ ਦੀ ਬੁੱਧ, ਦੁੱਧ 'ਤੇ ਜਾਂਦੀ, ਮਾਂ ਮੈਂ ਚੁੰਘਿਆ ਦੁੱਧ ਤੇਰਾ।
ਤੁਸੀਂ ਸੱਚੇ ਅਤਿ ਸੁੱਚੇ, ਉੱਚੇ, ਨੀਰ ਮਾਂ ਅੰਮ੍ਰਿਤ ਤੇਰਾ।
ਸਾਰੀ ਉਮਰ ਰਹੂੰ ਬ੍ਰਹਮਚਾਰੀ, ਪ੍ਰਣ ਤੇਰੇ ਨਾਲ ਮੇਰਾ।
ਅੰਮਾਂ-ਜਾਨ ਮੈਂ ਹਰ ਔਰਤ 'ਚੋਂ, ਅਕਸ ਦੇਖਾਂਗਾ ਤੇਰਾ।

ਕਾਮ, ਕਰੋਧ, ਲੋਭ, ਮੋਹ, ਹੰਕਾਰੋਂ, ਅਮੋੜੀ ਮਨ ਮੁੜਿਆ।
ਦਿਲ ਦੀ ਡੋਲਣ ਭਟਕਣ ਮੁੱਕੀ, ਜਾ ਬੇਅੰਤ ਨਾਲ ਜੁੜਿਆ।
ਪ੍ਰਭ ਸੰਗ ਰੰਗ ਅਜਿਹਾ ਆਇਆ, ਆਪ ਗਿਆ ਸ਼ਹੁ ਪਾਇਆ।
ਸਮੁੰਦ ਮਿਲ ਬੂੰਦ ਸਮੁੰਦਰ ਹੋਈ, ਜਾਂ ਅੰਗ ਮਾਹੀ ਸੰਗ ਜੁੜਿਆ।



ਮਾਂ ਮੈਂ ਜਿਸ ਘਰ ਦਾ ਮੁਤਲਾਸ਼ੀ, ਉਹ ਘਰ ਪ੍ਰਾਪਤ ਕੀਤਾ।
ਨਿਆਸਰੇ ਰੋਗੀਆਂ ਦੀ ਸੇਵਾ ਲਈ, ਜੀਵਨ ਅਰਪਨ ਕੀਤਾ।
ਗੁਰੂ ਘਰ ਦਾ ਲੜ ਨਾ ਛੱਡੀਂ, ਬਚਨ ਅੰਮਾਂ ਨੇ ਕੀਤਾ।
ਸੇਵਾ ਦੀਨ ਦੁੱਖੀ, ਬੀਮਾਰਾਂ, ਮਨ ਲਾ ਕਰਨੀ ਮੀਤਾ।

ਜ਼ਿਆਦਾ ਢਿੱਲੇ ਵੇਖ ਅੰਮਾਂ ਨੂੰ, ਅੰਮ੍ਰਿਤਸਰ ਲੈ ਆਏ।
ਵੀ.ਜੇ. ਹਸਪਤਾਲ 'ਚ ਕਰਾਏ ਦਾਖ਼ਲ, ਸ਼ਾਇਦ ਮੋੜ ਪੈ ਜਾਏ।
ਮਾਂ ਨੂੰ ਮੋੜ ਪਵੇ ਨਾ ਮਾਸਾ, ਬੜੇ ਇਲਾਜ ਕਰਾਏ।
ਐਪਰ ਟੁੱਟੀ ਗੰਢਣੇ ਵਾਲਾ, ਪ੍ਰਭ ਬਿਨ ਨਜ਼ਰ ਨਾ ਆਏ।

ਸੀਸ ਨਿਵਾ ਮਾਂ ਹਰਿਮੰਦਰ ਵਿਚ, ਰਹੇ ਰਾਮਦਾਸ ਨਿਵਾਸਾਂ।
ਛੇਹਰਟਾ ਸਾਹਿਬ ਟੇਕਿਆ ਮੱਥਾ, ਪੁੱਤ ਅਸੀਸ ਸ਼ਾਬਾਸ਼ਾਂ।
ਛੇਹਰਟਾ ਸਾਹਿਬ ਦੇ ਵਲਗਣ ਅੰਦਰ, ਮਾਂ ਗਏ ਤਿਆਗ ਸਵਾਸਾਂ।
ਅੰਮੀ-ਜਾਨ ਅਖੀਰੀ ਦਮ ਤਕ, ਰਹੇ ਵਿਚ ਹੋਸ਼ ਹਵਾਸਾਂ।

ਮਾਂ ਮਹਿਤਾਬੋ ਡੇਢ ਸਾਲ ਤਕ, ਘੁਲਿਆ ਘੋਲ ਬੀਮਾਰੀ।
ਵੱਟੀ ਤੇਲ ਜਾ ਪੈ ਗਏ ਆਵਾਜ਼ੇ, ਦੀਵਟ ਹੋਈ ਨਕਾਰੀ।
ਜੋਤੀ ਜੋਤ 'ਚ ਜਾ ਸਮਾਈ, ਰਹੀ ਨਾ ਵੱਖ ਨਿਆਰੀ।
ਆਖਰ ਉਨੀ ਸੌ ਤੀਹ 'ਚ ਅੰਮਾਂ, ਹੋ ਗਈ ਪ੍ਰਭੂ ਪਿਆਰੀ।

ਤੇਈ ਜੂਨ ਨੂੰ ਭਗਤ ਪੂਰਨ ਸਿੰਘ ਹੋਏ ਅਸੀਸੋਂ ਵਾਂਝੇ।
ਅੰਮਾਂ ਜੇਹਾ ਨਾ ਹੋਰ ਹਿਤੈਸ਼ੀ, ਦੁੱਖ ਕਰਨ ਕਿਸ ਸਾਂਝੇ।
ਪ੍ਰੇਮ ਪਿਆਰ ਕਿਆਸੋਂ ਬਾਹਰ, ਮਿਟਣ ਨਾ ਜਿਸ ਦੇ ਡਾਂਝੇ।
ਸੇਵਾ ਮਰੀਅਮ ਬਾਜ ਮਸੀਹਾ, ਸਭ ਦੇ ਹੋ ਗਏ ਸਾਂਝੇ।

## ਮਹੰਤ ਜੀ ਦਾ ਸਦੀਵੀ ਵਿਛੋੜਾ

ਅਚਨਚੇਤ ਮਹੰਤ ਤੇਜਾ ਸਿੰਘ ਜੀ ਬਹੁਤੇ ਹੋ ਗਏ ਢਿੱਲੇ ।
ਹਕੀਮ, ਤਬੀਬ ਬਹੁਤੇਰੇ ਆਏ, ਕਿਸੇ ਦੀ ਵਾਹ ਨਾ ਚੱਲੇ ।
ਤੁਰੰਤ ਅਰਾਮ ਪਹੁੰਚਾਵਣ ਵਾਲਾ, ਦਾਰੂ ਕਿਸੇ ਨਾ ਪੱਲੇ ।
ਹੁਣ ਤਾਂ ਓਥੇ ਪੋਹਣ ਨਾ ਦਾਰੂ, ਮੌਤ ਜਾ ਬੂਹੇ ਮੱਲੇ ।

ਮਹੰਤ ਤੇਜਾ ਸਿੰਘ ਪੂਰੇ ਹੋ ਗਏ, ਜਿੰਨੀ ਲਿਖੀ ਸੋ ਭੋਗੀ ।
ਪੂਰਨ ਸਿੰਘ ਉਹਨਾਂ ਤੋਂ ਵਿਛੜ, ਹੋ ਗਏ ਬੜੇ ਵਿਯੋਗੀ ।
ਮਹਾਨ ਮਨੁੱਖ ਗਏ ਘਰ ਆਪਣੇ, ਵਿੰਹਦੇ ਰਹਿ ਗਏ ਲੋਗੀਂ ।
ਮਹੰਤ ਜੀ ਸੂਰਜ ਵਾਂਗ ਅਸਤ ਗਏ, ਰੁਲੇ ਘੁਲੇ ਨਾ ਰੋਗੀ ।

ਰਾਮ ਜੀ ਦਾਸ ਪੂਰਨ ਸਿੰਘ ਬਣਿਆ, ਮਿਲ ਪਹੁੰਚਿਆ ਸੰਤਾਂ ।
ਪੂਰਨ ਸਿੰਘ ਤੋਂ ਭਗਤ ਹੋ ਗਿਆ, ਪਾਰਸ ਛੋਹ ਮਹੰਤਾਂ ।
ਦੀਨ ਦੁੱਖੀ ਦੀ ਸੇਵਾ ਕਰਦੇ, ਸਾਂਭਣ ਪ੍ਰਭ ਦੀਆਂ ਜੰਤਾਂ ।
ਪੂਰਨ ਭਗਤ ਮਸੀਹਾ ਹੋ ਗਏ, ਹੁਕਮ ਬਜਾ ਭਗਵੰਤਾਂ ।

## ਪਿੰਗਲਾ ਡੇਹਰਾ ਸਾਹਿਬ ਆਉਣਾ

ਮਹੰਤ ਤੇਜਾ ਸਿੰਘ ਬਾਅਦ ਕਿਸ਼ਨ ਸਿੰਘ, ਮਹੰਤ ਬਣੇ ਗੁਰਦਵਾਰੇ ।
ਉਹ ਵੀ ਸਨ ਮੇਹਰਬਾਨ ਭਗਤ ’ਤੇ, ਮਦਦ ਕਰਨ ਹਰ ਚਾਰੇ ।
ਸਮਝਣ ਸੇਵਾਦਾਰ ਹੀ ਕੇਵਲ, ਬਹੁਤਾ ਨਹੀਂ ਪਿਆਰੇ ।
ਮਿਲਿਆ ਪਿਤਾ ਦਾ ਪਿਆਰ ਭਗਤ ਨੂੰ, ਮਹੰਤ ਦੇ ਪਹਿਰੇ ਵਾਰੇ ।

ਮਹੰਤ ਕਿਸ਼ਨ ਸਿੰਘ, ਭਗਤ ਦੀ ਸੇਵਾ, ਸਾਈਕਲ ਸਟੈਂਡ ਲਗਾਈ ।
ਚੱਤੇ ਪਹਿਰ ਮਗਨ ਵਿਚ ਸੇਵਾ, ਰਤੀ ਨਾ ਕਰਨ ਕੋਤਾਹੀ ।



ਆਦਰ ਸਹਿਤ ਮਿਲਣ, ਮਿੱਠ ਬੋਲਣ, ਸਭ ਦੇ ਹੋਣ ਸਹਾਈ ।
ਭਗਤ ਜੀ ਸਾਈਕਲ ਸਟੈਂਡ ਡਿਊਟੀ, ਚੌਦਾਂ ਸਾਲ ਨਿਭਾਈ ।

ਸੰਨ ਉਨੀ ਸੌ ਚੌਂਤੀ ਈਸਵੀ, ਕੱਤਕ ਪੂਰਨਮਾਸ਼ੀ ।
ਗੁਰੂ ਨਾਨਕ ਦਾ ਜਨਮ ਦਿਹਾੜਾ, ਉਸ ਦਿਨ ਰੌਣਕ ਖਾਸੀ ।
ਡੇਹਰਾ ਸਾਹਿਬ ਪਹੁੰਚੇ ਦੋ ਬੰਦੇ, ਲੁਧਿਆਣੇ ਦੇ ਵਾਸੀ ।
ਉਹਨਾਂ ਨਾਲ ਅਪੰਗ ਨਿਆਣਾ, ਬੋਲ ਨਾ ਹਿਲਿਆ ਜਾਸੀ ।

ਹੈੱਡ ਗ੍ਰੰਥੀ ਅੱਛਰ ਸਿੰਘ, ਮਿਲਕੇ ਦੋਹਾਂ ਅਰਜ਼ ਗੁਜ਼ਾਰੀ ।
ਵਿਚ ਸ਼੍ਰੀਕੇ ਜੰਮਿਆ ਬਾਲਕ, ਠੀਕ ਅਪੰਗ ਨਕਾਰੀ ।
ਤੁਰ ਫਿਰ ਬੋਲ ਨਾ ਖਾ ਪੀ ਸਕੇ, ਸੌਚਾਲਯੇ ਤੋਂ ਆਰੀ ।
ਇਹ ਖੁਦ ਪਹਿਨ ਸਕੇ ਨਾ ਬਸਤਰ, ਓੜ ਨਾ ਹੋਏ ਫੁਲਕਾਰੀ ।

ਇਸ ਦੀ ਅੰਮਾਂ ਤਿੰਨ ਸਾਲ ਲਈ, ਰੱਖਿਆ ਗਲੇ ਲਗਾਈ ।
ਮਰ ਗਈ ਮਾਂ ਮਹਿੱਟਰ ਹੋਇਆ, ਸੇਵਾ ਬਾਪ ਨਿਭਾਈ ।
ਛੱਡ ਸਾਡੇ ਘਰ ਟਿਭ ਗਿਆ ਕਿੱਧਰੇ, ਬੀਬੀਆਂ ਦੇਣ ਦੋਹਾਈ ।
ਭਗਤੋ ਸ਼ਰਨ ਲਵੋ ਇਸ ਆਪਣੀ, ਗੁਰਦੁਆਰੇ ਪਲ ਜਾਈ ।

ਸਾਰੀ ਗੱਲ ਲੁਧਿਆਣਵੀਆਂ ਦੀ, ਸੁਣ ਲਈ ਨਾਲ ਪ੍ਰੀਤੀ ।
ਕੀਤਾ ਪਿਆਰ ਸਤਿਕਾਰ ਉਹਨਾਂ ਦਾ, ਬਹੁ ਹਮਦਰਦੀ ਕੀਤੀ ।
ਸਾਂਭ ਲੂਲ੍ਹਿਆਂ, ਪਿੰਗਲਿਆਂ ਏਥੇ, ਅਸਾਂ ਨਾ ਸੁਵਿਧਾ ਕੀਤੀ ।
ਅੰਤ ਮਹੰਤ ਕਿਸ਼ਨ ਸਿੰਘ ਸਾਹਿਬ ਜ਼ਾਹਰ ਬੇਬਸੀ ਕੀਤੀ ।

ਸਭੀ ਥਾਵਾਂ ਤੋਂ ਹੋਈਆਂ ਨਾਂਹਵਾਂ, ਆਖੇ ਕੋਈ ਨਾ ਲੱਗੇ ।
ਜੇ ਆਪਾ ਇਸ ਸੁੱਟ ਤੁਰ ਜਾਈਏ, ਪਾਪ ਇਹ ਕਿਸ ਨੂੰ ਲੱਗੇ ।

ਉੱਤਮ ਜਾਣ ਦਵਾਰ ਗੁਰਾਂ ਦਾ, ਲੜ ਓਸੇ ਦੇ ਲੱਗੇ ।
ਪਿੰਗਲਾ ਛੱਡ ਲਾਵਾਰਸ ਤੁਰ ਗਏ, ਗੁਰਦਵਾਰੇ ਦੇ ਅੱਗੇ ।

ਸੇਵਾਦਾਰ ਗੇਟ 'ਤੇ ਪਹੁੰਚੇ, ਜਦ ਉਹ ਬਾਲਕ ਰੋਇਆ ।
ਚੁੱਕ ਮਹਾਰਾਜ ਤਾਬਿਆ ਖੜਿਆ, ਜੀਅ ਲਾਵਾਰਸ ਹੋਇਆ ।
ਕਰ ਅਰਦਾਸ ਕਿ ਦਰ ਤੇਰੇ ਤੋਂ, ਖ਼ਾਲੀ ਕੋਈ ਨਾ ਹੋਇਆ ।
ਸੇਵਾ ਕਰਨ ਦਾ ਬਲ ਬਖ਼ਸ਼ੋ ਪ੍ਰਭ, ਇਸ ਦੀ ਕਰੀਏ ਗੋਇਆ ।

ਕਰ ਅਰਦਾਸ ਜੱਥੇਦਾਰ ਬਾਲਕ ਉਹ, ਸਪੁਰਦ ਸੇਵਾਦਾਰ ਕਰਦਾ ।
ਗੁਰਦੁਆਰੇ 'ਚ ਨੱਠ ਭੱਜ ਦੇ ਕੰਮ, ਜੋ ਸਾਰਾ ਦਿਨ ਕਰਦਾ ।
ਮੁੜ ਮੁੜ ਉਸਨੂੰ ਦੁੱਧ ਪਿਆਂਦਾ, ਜਦ ਉਹ ਰੂੰ ਰੂੰ ਕਰਦਾ ।
ਉਸ ਦਾ ਗੰਦ ਪਿੰਦ ਧੋਣ ਲਈ ਲੀੜੇ, ਭਗਤ ਪੇਸ਼ ਖ਼ੁਦ ਕਰਦਾ ।

## ਭਗਤ ਜੀ ਦਾ ਪਿੰਗਲੇ ਨੂੰ ਅਪਨਾਉਣਾ

ਪਿੰਗਲਾ ਸਖਤ ਬੀਮਾਰ ਹੋ ਗਿਆ, ਟੱਟੀਆਂ ਦਸਤ ਬੇਹਾਲੇ ।
ਲੋਕ ਆਪਣਿਆਂ ਤੋਂ ਅੱਕ ਜਾਂਦੇ, ਪਿੰਗਲਾ ਕੌਣ ਸੰਭਾਲੇ ।
ਗੰਦਗੀ ਨਾਲ ਲਿਬੜਿਆ ਸਾਰਾ, ਹੋਇਆ ਬੜਾ ਨਿਢਾਲੇ ।
ਜੱਗ 'ਤੇ ਬਾਜ ਮਾਂਵਾਂ ਦੇ ਬੱਚੇ, ਵਿਰਲਾ ਹੀ ਕੋਈ ਪਾਲੇ ।

ਨਹਾ ਧੋ ਸਾਫ਼ ਕਰ ਕੁੱਛੜ ਚੁੱਕਿਆ, ਵਰਾਵੇ ਦਵੇ ਦਲਾਸਾਂ ।
ਪਿੱਠ ਬੈਠਾ ਮਹਾਰਾਜ ਦੇ ਦਰ 'ਤੇ, ਕਰ ਦਿੱਤੀਆਂ ਅਰਦਾਸਾਂ ।
ਅੱਜ ਤੋਂ ਮੈਂ ਸਪੁਰਦੀ ਲੈ ਲਈ, ਛੱਡ ਹੋਰਾਂ ਦੀਆਂ ਆਸਾਂ ।
ਭਗਤ ਹੁਰਾਂ ਦੀ ਸੇਵਾ ਓੜਕ, ਨਿਭ ਗਈ ਨਾਲ ਸਵਾਸਾਂ ।





ਡਾਕਟਰ ਸਾਹਿਬ ਨੂੰ ਟੈਲੀਫ਼ੋਨ ’ਤੇ, ਹਾਲ ਦੱਸਿਆ ਸਾਰਾ ।
ਜੋ ਇਲਾਜ ਡਾਕਟਰਾਂ ਦੱਸਿਆ, ਉਹੀ ਕੀਤਾ ਸਾਰਾ ।
ਬੱਚਾ ਫੇਰ ਜੀਵਨ ਰੌਂ ਆਇਆ, ਟਹਿਕਿਆ ਫੇਰ ਦੋਬਾਰਾ ।
ਉਸ ਦਾ ਨਾਮ ਪਿਆਰਾ ਰੱਖਿਆ, ਬਹੁਤ ਭਗਤ ਨੂੰ ਪਿਆਰਾ ।

ਜਿਉਂ ਧੰਨੇ ਨੂੰ ਪੱਥਰ ਵਿੱਚੋਂ, ਦਰਸ਼ਨ ਹੋਇਆ ਰੱਬ ਦਾ ।
ਭਗਤ ਪੂਰਨ ਸਿੰਘ ਨੂੰ ਪਿੰਗਲੇ ’ਚੋਂ, ਦਿਸਿਆ ਰੂਪ ਪ੍ਰਭ ਦਾ ।
ਕਰਮਾਂ ਮਾਰੇ ਦੁੱਖਿਆਰੇ ਨੂੰ, ਚੁੱਕ ਸੀਨੇ ਨਾਲ ਲਾ ਕੇ,
ਭਗਤਾਂ ਓਟ ਨਿਓਟੇ ਦੀ ਬਣ, ਭਲਾ ਲੋੜਿਆ ਸਭ ਦਾ ।

ਕਈ ਜਣਿਆਂ ਨੇ ਤਨਜ਼ਾਂ ਕੱਸੀਆਂ, ਭਗਤ ਉੱਤੇ ਕਈ ਵਾਰੀ ।
ਆਖਣ ਪਰਾਂ ਵਗਾਹ ਮਾਰੋ ਇਸ, ਲਾਓ ਗਲੋਂ ਬੀਮਾਰੀ ।
ਮੁਸਕਰਾ ਕੇ ਕਹਿਣ ਭਗਤ ਜੀ, ਧੰਨ ਬਰਾਤ ਹਮਾਰੀ ।
ਇਸ ’ਤੇ ਅੰਤ ਪ੍ਰਭ ਸੀ ਲਾਉਣੀ, ਕਿਸੇ ਜਣੇ ਦੀ ਵਾਰੀ ।

ਸਿਦਕਵਾਨ ਮਹਾਨ ਮਨੁੱਖ ਤੋਂ, ਜਾਵਾਂ ਸਦ ਬਲਿਹਾਰੀ ।
ਜਿਸ ਨੇ ਬਾਲਕ ਅੰਗ ਸੰਗ ਰੱਖਿਆ, ਦਿੱਤੀ ਪਿੱਠ ਅਸਵਾਰੀ ।
ਨਹਾਉਣ, ਧਵਾਉਣ ਸੰਭਾਲ ਕਰਨ, ਉਸ, ਕਦੇ ਨਾ ਧੁਰਲੀ ਮਾਰੀ ।
ਨਿਭਾਉਣ ਖਵਾਉਣ, ਪਿਆਉਣ ਦੇ ਸਭ ਕੰਮ, ਮਾਂ ਜਿਓਂ ਕਰੀ ਤਿਆਰੀ ।

ਜੋ ਪ੍ਰਭ ਸੰਗ ਇਕ ਸੁਰ ਹੋ ਤੁਰਦਾ, ਛੱਡ ਮੈਂ ਮਾਣ ਸ਼ਰੀਕੇ ।
ਜਜ਼ਬੇ, ਸੋਚ, ਵਿਚਾਰ ਇਰਾਦੇ, ਸਭ ਸੱਚ ਨਾਲ ਉਲੀਕੇ ।
ਸੱਚ ਵਾਲਾ ਰੱਬ ਵਾਲਾ ਹੁੰਦਾ, ਸੱਚ ਵਿਚ ਰੱਬ ਦਾ ਵਾਸਾ,
ਜੱਗ ’ਤੇ ਉਹ ਸਚਿਆਰਾ ਜਿਹੜਾ, ਹਰੀ ਦਾ ਹੁਕਮ ਉਡੀਕੇ ।



## ਲੜਕੀ ਦੀ ਜਾਨ ਬਚਾਉਣੀ

ਮੁਹੰਮਦ ਸਾਹਿਬ ਕੋਲ ਮਦੀਨੇ ਵਿਚ, ਡੇਰੇ ਦੁੱਖੀ ਮੁਹਤਾਜਾਂ ।
ਉਹ ਗ਼ਰੀਬਾਂ ਭੁੱਖਿਆਂ ਤਾਈਂ, ਵੰਡਣ ਨਿੱਤ ਨਿਆਜ਼ਾਂ ।
ਤੇਵੇਂ ਭਗਤ ਦੇ, ਸਾਈਕਲ ਛੱਡ ਤੇ, ਬੈਠਕ ਬਿਰਧ ਅਪਾਹਜਾਂ ।
ਭਗਤ ਜੀ ਮਲ੍ਹਮ, ਪੱਟੀ, ਗੰਦ ਧੋਵਣ, ਕਰਨ ਬੀਮਾਰ ਇਲਾਜਾਂ ।

ਲੜਕੀ ਇਕ ਬੀਮਾਰ ਹੋ ਗਈ, ਪੀੜਾ ਦਾੜ੍ਹ ਚਬਾੜੀ ।
ਨਾਲ ਜਮੂਰ ਦੇ ਦਾੜ੍ਹ ਕੱਢੀ ਉਸ, ਕਿਸੇ ਹਕੀਮ ਅਨਾੜੀ ।
ਸੋਜਸ਼ ਨਾਲ ਬੁਖ਼ਾਰ ਜ਼ਿਆਦਾ, ਜ਼ਹਿਰ ਫ਼ੈਲ ਗਈ ਨਾੜੀ ।
ਉਸ ਦੇ ਬਚਣ ਦੀ ਰਹੀ ਨਾ ਆਸਾ, ਹਾਲਤ ਹੋ ਗਈ ਮਾੜੀ ।

ਹਾਲਤ ਵੇਖ ਭਗਤ ਜੀ ਦੌੜੇ, ਤੁਰੰਤ ਹਕੀਮ ਬੁਲਾਏ ।
ਵਾਂਗ ਫਰਿਸ਼ਤੇ ਡਾਕਟਰ ਪੂਰਨ ਸਿੰਘ, ਸੀਸ ਨਿਵਾਵਣ ਆਏ ।
ਦੇ ਦਵਾਈ ਉਹਨਾਂ ਫੌਰਨ, ਲੜਕੀ ਪਰਾਣ ਬਚਾਏ ।
ਡਾਕਟਰ ਭਗਤ ਹੋਏ ਨੇੜੂ ਸਰਨਾਵੀਂ, ਸੰਬੰਧ ਸਦਾ ਨਿਭਾਏ ।

## ਮੰਗਤੀ ਦੀ ਮਦਦ ਕਰਨੀ

ਮੰਗਤੀ ਬਿਰਧ ਲਾਚਾਰ ਨਿਆਸਰਾ, ਬਹਿੰਦੀ ਸੜਕ ਕਿਨਾਰੇ ।
ਉਹ ਹੱਥ ਅੱਡੇ ਸ਼ਾਮ ਸਵੇਰੇ, ਮੰਗ ਕੇ ਕਰੇ ਗੁਜ਼ਾਰੇ ।
ਬੇ-ਔਲਾਦ ਨਾ ਸਿਰ ’ਤੇ ਸਾਈਂ, ਕੋਈ ਨਾ ਦਿਸਣ ਸਹਾਰੇ ।
ਸਖ਼ਤ ਬੀਮਾਰ ਹੋ ਗਈ ਵਿਚਾਰੀ, ਦਸਤ ਵਗਣ ਇਕ ਤਾਰੇ ।

ਛੇ ਦਿਨ ਹਰੇ ਦਸਤ ਤੇ ਚਰਬੀ, ਕੋਈ ਨਾ ਦਾਰੂ ਪੋਹਵੇ ।
ਲਿਬੜਨ ਲੀੜੇ ਮਿੰਟ ਮਿੰਟ ’ਤੇ, ਗੰਦ ਭਗਤ ਜੀ ਧੋਵੇ ।

ਧੋ ਸੁਕਾ ਗਲ ਪਾਵੇ ਲੀੜੇ, ਰੁੱਲੇ ਨਾ ਬੇਪਤ ਹੋਵੇ ।
ਅੰਤ ਸਵਾਸ ਤਿਆਗ ਗਈ ਉਹ, ਸਮੇਂ ਜਾਂ ਪੂਰੇ ਹੋਏ ।

## ਨਿਹੰਗ ਸਿੰਘ ਦੀ ਮੌਤ

ਲਾਚਾਰ, ਬੀਮਾਰ ਬਜ਼ੁਰਗ ਨਿਹੰਗ ਸਿੰਘ, ਡੇਹਰਾ ਸਾਹਿਬ 'ਚ ਆਇਆ।
ਸਰੀਰ ਸੁੱਕਾ ਬਲ ਮੁੱਕਿਆ ਨਿਰਬਲ, ਦਮ ਨਿਕਲਣ 'ਤੇ ਆਇਆ।
ਜਿਸਮ 'ਤੇ ਫੈਲੇ ਕਸ਼ਟਾਂ ਕਰਕੇ, ਜੋਤ ਬੁੱਝਣ 'ਤੇ ਆਇਆ ।
ਭਗਤ ਪੂਰਨ ਸਿੰਘ ਚੁੱਕ ਉਸ ਨੂੰ, ਹਸਪਤਾਲ ਪੁਚਾਇਆ ।

ਸੜਕ ਕਿਨਾਰੇ ਰੁਲੇ ਨਿਹੰਗ ਨੇ, ਜਾ ਬਿਸਤਰ ਸੁੱਖ ਮਾਣੇ ।
ਲੇਟਿਆ ਵੇਖ ਸਫ਼ੈਦ ਚਾਦਰੇ, ਕਰਨ ਲੱਗਾ ਸ਼ੁਕਰਾਨੇ ।
ਏਥੇ ਨਾਲ ਅਰਾਮ ਮਰੂੰ ਮੈਂ, ਲੱਗਾ ਆਣ ਟਿਕਾਣੇ ।
ਨਿਹੰਗ ਦੇ ਸ਼ਬਦ ਅਤੇ ਇਹ ਘਟਨਾ, ਟੁੰਬ ਗਏ ਭਗਤ ਨਿਮਾਣੇ ।

## ਯਤੀਮਾਂ ਦੀ ਸਹਾਇਤਾ

ਹਰਨਾਮ, ਸਤਿਨਾਮ ਸਕੇ ਦੋ ਭਾਈ, ਗ਼ਰੀਬ ਅਨਾਥ ਵਿਚਾਰੇ ।
ਮਾਸੂਮ ਮਹਿੱਟਰ ਨਿਆਸਰੇ ਨੰਨ੍ਹੇ, ਫਿਰਦੇ ਮਾਰੇ ਮਾਰੇ ।
ਪੂਰੇ ਕਰਨ ਲਈ ਦਿਨ ਦੋਵੇਂ, ਸ਼ਰਨ ਆਏ ਗੁਰਦੁਆਰੇ ।
ਜੱਗ ਤੇ ਜਿਸ ਦਾ ਕੋਈ ਨਾ ਵਾਹਰੂ, ਉਹਨਾਂ ਪ੍ਰਭੂ ਪਿਆਰੇ ।

ਗੁਰਦੁਆਰੇ ਵਿਚ ਆਏ ਨਿਆਣੇ, ਭਗਤਾਂ ਆਪ ਸੰਭਾਲੇ ।
ਰੋਟੀ, ਕੱਪੜਾ, ਫ਼ੀਸ, ਪੜ੍ਹਾਈ ਜ਼ਫ਼ਰ ਉਹਨਾਂ ਨਾਲ ਜਾਲੇ ।
ਪੜ੍ਹਾ ਲਿਖਾ ਬਣਾਏ ਬੰਦੇ, ਵਾਂਗ ਪੁੱਤਾਂ ਦੇ ਪਾਲੇ ।
ਦੋਵੇਂ ਉਹ ਸੁੱਚੇ ਮੋਤੀ ਬਣ ਗਏ, ਰੁਲਦੇ ਗਲੀਆਂ ਨਾਲੇ ।



## ਅਜ਼ਾਦੀ ਪਿੱਛੋਂ ਫਿਰਕੂ ਦੰਗੇ ਹੋਣਾ

ਆਲ੍ਹਣੇ ਦੀ ਸੁੱਖ ਸਾਰੇ ਮੰਗਣ, ਪਿੰਜਰੇ ਦੀ ਬਰਬਾਦੀ ।
ਪਿੰਜਰਾ ਟੁੱਟੇ ਬੰਦੀ ਛੁੱਟੇ, ਤੇ ਹੋਏ ਨਸੀਬ ਅਜ਼ਾਦੀ ।
ਭਾਵੇਂ ਪਿੰਜਰੇ ਮਿਲਣ ਚੂਰੀਆਂ, ਆਲ੍ਹਣੇ ਫਾਕਾਵਾਦੀ ।
ਵੇਖੋ ਫਿਰ ਵੀ ਹਰ ਜੀਅ ਜੱਗ ਦਾ, ਤਾਂਘੇ ਪਿਆ ਅਜ਼ਾਦੀ।

ਪੰਦਰਾਂ ਅਗਸਤ ਉਨੀ ਸੌ ਸੰਤਾਲੀ, ਹਰ ਸੂ ਖ਼ੁਸ਼ੀਆਂ ਸ਼ਾਦੀ।
ਸਦੀਆਂ ਦੀ ਗ਼ੁਲਾਮੀ ਪਿੱਛੋਂ, ਹੋਈ ਨਸੀਬ ਅਜ਼ਾਦੀ ।
ਚਾਰ ਚੁਫੇਰ ਅਜ਼ਾਦ ਫ਼ਿਜ਼ਾਵਾਂ, ਦੇਸ਼ ਸੁਤੰਤਰ ਵਾਦੀ ।
ਮਸਾਂ ਕਿਤੇ ਗਲੋਂ ਗੁਲਾਮੀ ਲੱਥੀ, ਹਰ ਸ਼ੈਅ ਸੁਹਜ ਸਵਾਦੀ ।

ਪਾਕਿਸਤਾਨ ਬਣਾ ਚੌਦਾਂ ਨੂੰ, ਗੋਰੇ ਬਣ ਗਏ ਚੰਗੇ ।
ਓਸੇ ਦਿਨ ਭੜਕ ਪਏ ਹਰ ਥਾਂ, ਦੇਸ਼ 'ਚ ਫਿਰਕੂ ਦੰਗੇ ।
ਧਰਮ ਜਨੂੰਨੀਂ ਹੋਲੀ ਖ਼ੂਨੀ, ਖੇਡਣ ਲੈਂਦੇ ਪੰਗੇ ।
ਸਭ ਹਿੰਦੂ, ਮੁਸਲਮ ਭਾਈ ਭਾਈ, ਲੜਨ ਈਰਖਾ ਡੰਗੇ ।

ਕੋਈ ਹਿੰਦੂ ਕੋਈ ਮੁਸਲਮਾਨ ਬਣਿਆ, ਕੋਈ ਸਿੱਖ, ਈਸਾਈ ।
ਇਕ ਮਜ਼ਹਬ ਦੇ ਨਾਂ 'ਤੇ ਦੁਨੀਆਂ, ਮਰਨ ਮਾਰਨ 'ਤੇ ਆਈ ।
ਫੂਕਾ ਲਾਓ ਉਸ ਮਜ਼ਹਬ ਨੂੰ, ਵੈਰ ਪਾਏ ਵਿਚ ਭਾਈ ।
ਲੋਕੋ ਮਜ਼ਹਬ ਮਨੁੱਖਤਾ ਸਾਡਾ, ਪੂਜਾ ਲੋਕ ਭਲਾਈ ।

ਨਫ਼ਰਤ ਹਿੰਸਾ ਮਨੁੱਖਤਾ ਦਾ, ਕੀਤਾ ਫੀਤਾ ਫੀਤਾ ।
ਹਿੱਤ, ਹਮਦਰਦੀ, ਭਾਈਚਾਰੇ, ਸਭਨਾਂ ਦਾ ਮੂੰਹ ਸੀਤਾ ।
ਕਤਲੇਆਮ ਤੇ ਮਾਰ ਕੁਟਾਈ, ਫਿਰੀ ਚੌਫੇਰ ਦੁਹਾਈ ।
ਦੰਗਿਆਂ ਸ਼ਾਂਤ ਰੂਪ ਖਲਵਾੜਾ, ਸਾੜ ਸਵਾਹ ਫੜ ਕੀਤਾ ।

## ਭਗਤ ਜੀ ਦਾ ਪਾਕਿਸਤਾਨੋਂ ਆਉਣਾ

ਪਹਿਲਾਂ ਰਹੇ ਅਟੰਕ ਭਗਤ ਜੀ, ਹਾਲ ਨਾ ਗੌਲੇ ਮਾੜੇ ।
ਆਈ ਸੋਚ ਜਾ ਗੁਰਦੁਆਰੇ 'ਚ, ਲੱਗੇ ਪੈਣ ਉਜਾੜੇ ।
ਤੁਰੇ ਸਟੇਸ਼ਨ ਵੱਲ ਭਗਤ ਜੀ, ਪਿੰਗਲਾ ਚੁੱਕ ਕੰਧਾੜੇ ।
ਭਗਤ ਜੀ ਬਚ ਬਚਾਂਦੇ ਪਹੁੰਚੇ, ਆਣ ਸਟੇਸ਼ਨ ਵਾੜੇ ।

ਅਗਲੇ ਦਿਨ ਗੱਡੀ 'ਚ ਬਹਿ ਗਏ, ਪਿੰਗਲਾ ਭਗਤ ਦੋ ਜਾਣੇ ।
ਬਿਰਧ, ਬੀਮਾਰ ਚੜ੍ਹਾ ਰੱਬ ਤਰਸੀ, ਪਕੜੀ ਬਾਂਹ ਨਮਾਣੇ ।
ਖਾਣ ਨੂੰ ਕੁਝ ਨਾ ਮਿਲਿਆ ਦੋ ਦਿਨ, ਬਿਲਕੁਲ ਭੁੱਖੇ ਭਾਣੇ ।
ਸਾਰੇ ਪਹੁੰਚ ਕੇ ਅੰਮ੍ਰਿਤਸਰ ਵਿਚ, ਲੱਗੇ ਆਣ ਟਕਾਣੇ ।

ਅੰਮ੍ਰਿਤਸਰ 'ਚ ਖਾਲਸਾ ਕਾਲਜ, ਲੱਗਾ ਕੈਂਪ ਰਫ਼ਿਊਜ਼ੀ ।
ਪਹੁੰਚੇ ਆਣ ਕੈਂਪ 'ਚ ਦੋਵੇਂ, ਜਗ੍ਹਾ ਨਾ ਟੋਲੀ ਦੂਜੀ ।
ਪੰਞੀ ਹਜ਼ਾਰ ਪਹਿਲਾਂ ਹੀ ਉੱਥੇ, ਪਹੁੰਚੇ ਸਨ ਰਫ਼ਿਊਜ਼ੀ ।
ਬਹੁਤੀ ਤੰਗ ਲੋਕਾਈ ਓਥੇ, ਮਰਜ਼ ਮੌਤ ਨਾਲ ਜੂਝੀ ।

ਅਨੇਕ ਬੀਮਾਰ, ਲਾਚਾਰ ਕੈਂਪ ਵਿੱਚ, ਮਰਦੇ ਜਾਣ ਵਿਚਾਰੇ ।
ਨਾ ਮਨੁੱਖ ਮਾਤਰ ਦੀ ਸੇਵਾ, ਨਾ ਪ੍ਰਬੰਧ ਸਰਕਾਰੇ ।
ਸੇਵਾ ਭਾਵ ਭਗਤ ਵਿਚ ਬਹੁਤਾ, ਜੋਸ਼ ਤਾਂ ਠਾਠਾਂ ਮਾਰੇ ।
ਓਥੇ ਖਿਦਮਤ ਖਲਕ ਆਰੰਭੀ, ਭਗਤਾਂ ਫੇਰ ਦੋਬਾਰੇ ।

ਭਗਤਾਂ ਨਾਲ ਲਗਾ ਲੈ ਬੰਦੇ, ਸੇਵਾ ਮੋਢੇ ਚਾਈ ।
ਪਿੰਡਾਂ 'ਚੋਂ ਕਰ ਪ੍ਰਸ਼ਾਦੇ ਇਕੱਠੇ, ਸਭ ਮੂੰਹ ਰੋਟੀ ਪਾਈ ।
ਏਸ ਅਰਾਜਕਤਾ ਵਿਚ ਕਿਸੇ ਦੀ, ਪੁੱਛ ਪ੍ਰਤੀਤੀ ਨਾ ਕਾਈ ।
ਰਫ਼ਿਊਜ਼ੀ ਕੈਂਪ ਇਕੱਤੀ ਦਸੰਬਰ ਤਕ, ਖਿਦਮਤ ਭਗਤ ਨਿਭਾਈ ।



ਇਕਦਮ ਕੈਂਪ ਹੋ ਗਿਆ ਖ਼ਾਲੀ, ਉੱਡ ਗਏ ਖੰਭਾਂ ਵਾਲੇ ।
ਅਨਾਥ, ਬੀਮਾਰ, ਅਪਾਹਜ, ਲੂਲ੍ਹੇ, ਕਿਤੇ ਨਾ ਜਾਵਣ ਵਾਲੇ ।
ਕਿੱਥੇ ਜਾਨ ਨਾ ਵਾਹਰੂ ਕੋਈ, ਜਾਨ ਦੇ ਪੈ ਗਏ ਲਾਲੇ ।
ਭਗਤ ਪੂਰਨ ਸਿੰਘ ਹੁਰਾਂ ਇਹ ਸਾਰੇ, ਗਲ ਲਾ ਸਾਂਭ ਸੰਭਾਲੇ ।

## ਰੇਲਵੇ ਸਟੇਸ਼ਨ 'ਤੇ ਡੇਰਾ ਲਾਉਣਾ

ਅਪਾਹਜ ਅਤੇ ਬੇਸਹਾਰੇ ਰਹਿ ਗਏ, ਸਣੇ ਪਿਆਰੇ ਤੇਰਾ ।
ਸਭ ਨੂੰ ਲਿਆ ਸਟੇਸ਼ਨ ਉੱਤੇ, ਭਗਤ ਲਾ ਲਿਆ ਡੇਰਾ ।
ਅੰਨ ਪਾਣੀ ਦੀ ਸੇਵਾ ਖ਼ਾਤਰ, ਮੰਗਣ ਚਾਰ ਚੌਫੇਰਾ ।
ਉਸ ਥਾਂ ਚਾਰ ਮਹੀਨੇ ਕੱਟੇ, ਲਾ ਰੁੱਖ ਥੱਲੇ ਡੇਰਾ ।

ਸੋਚਣ ਆਪਣੀ ਬੇਬਸੀ 'ਤੇ, ਅਨਾਥ ਅਪਾਹਜਾਂ ਦੁੱਖਾਂ ।
ਬੇਸਹਾਰਾ ਰੋਗੀ ਪਿੰਗਲੇ ਰੁਲਣੇ, ਸਹਿਣ ਤ੍ਰੇਹਾਂ ਭੁੱਖਾਂ ।
ਗਰਮੀ, ਸਰਦੀ, ਬਰਸਾਤਾਂ ਵਿਚ, ਸਿਰਫ਼ ਆਸਰਾ ਰੁੱਖਾਂ ।
ਸੋਚਣ ਘਰ ਬਣਾਈਏ ਐਸਾ, ਮਾਣ ਸਕਣ ਸਭ ਸੁੱਖਾਂ ।

ਓਥੇ ਭਗਤ ਸਾਹਿਬ ਨੂੰ ਮਿਲ ਪਏ, ਸਾਥੀ ਦੋ ਪੁਰਾਣੇ ।
ਨਰਾਇਣ ਸਿੰਘ, ਗੁਰਬਚਨ ਸਿੰਘ ਕੁੰਡਾ, ਸੇਵਾਦਾਰ ਸਿਆਣੇ ।
ਭਗਤਾਂ ਲੈ ਪ੍ਰੇਰ ਸੇਵਾ ਲਈ, ਲੱਗੇ ਹੱਥ ਵਟਾਣੇ ।
ਖਿਦਮਤ ਚਾਅ ਅਥਾਹ ਉਹਨਾਂ ਨੂੰ, ਸੇਵਾ ਮੁੱਖ ਨਿਸ਼ਾਨੇ ।

ਤਿੰਨੇ ਜਣੇ ਸਵੇਰੇ ਸ਼ਾਮੀਂ, ਫੁਲਕੇ ਇਕੱਠੇ ਕਰਦੇ ।
ਫੇਰ ਬੀਮਾਰ, ਅਪਾਹਜ, ਕੋਹੜੇ, ਹਸਪਤਾਲਾਂ ਵਿਚ ਖੜਦੇ ।
ਲੀੜੇ ਪਾਉਣ, ਵਛਾਉਣ ਬਿਸਤਰੇ, ਖੂਬ ਸਫ਼ਾਈਆਂ ਕਰਦੇ ।
ਔਖਾ ਗੰਦ ਮੰਦ ਧੋਣ ਦਾ ਕਾਰਜ, ਆਪ ਭਗਤ ਜੀ ਕਰਦੇ ।

ਭਗਤਾਂ ਨਿਝੱਕ ਮੰਗਣ ਦੀ ਬਿਰਤੀ, ਹੰਸ ਰਾਜ ਤੋਂ ਪਾਈ ।
ਹੱਥੀਂ ਕੰਮ ਕਰਨ ਦੀ ਆਦਤ, ਗਾਂਧੀ ਜੀ ਸਿਖਲਾਈ ।
ਕੁਦਰਤ, ਬਨਸਪਤੀ ਦੀ ਪ੍ਰੀਤੀ, ਥੋਰੋ ਸਾਹਿਬ ਸਿਖਾਈ ।
ਧਾਰਮਿਕ ਰੂਹਾਨੀਅਤ ਅਤੇ ਅਧਿਆਤਮਿਕਤਾ, ਗੁਰੂ ਘਰਾਂ 'ਚੋਂ ਪਾਈ ।

## ਹਸਪਤਾਲ ਲਾਗੇ ਡੇਰਾ

ਰੇਲਵੇ ਪੁਲਸ ਸਤਾਵੇ ਹਰਦਮ, ਬਾਜ਼ ਰਤੀ ਨਾ ਆਵੇ ।
ਵਗਾਹ ਵਗਾਹ ਮਾਰੇ ਟਿੰਡ ਫੌਹੜੀ ਉਹ ਮੁੜ ਮੁੜ ਆਣ ਸਤਾਵੇ ।
ਮਦਦ ਸਟੇਸ਼ਨ ਮਾਸਟਰ ਵਰਮਾ, ਕੰਮ ਨਾ ਦਿਸਦੀ ਆਵੇ ।
ਓਹੋ ਅਤਿ ਦੇ ਦੁਖਿਆਰੇ ਨੂੰ, ਹਰ ਕੋਈ ਆਣ ਦੁਖਾਵੇ ।

ਅੰਤ ਹੋ ਗਿਆ ਮੁਸ਼ਕਲ ਉਹਨਾਂ, ਰੇਲਵੇ ਸਟੇਸ਼ਨ ਰਹਿਣਾ ।
ਅਠਤਾਲੀ ਅਕਤੂਬਰ ਪਿਆ ਭਗਤ ਨੂੰ, ਡੇਰਾ ਚੁੱਕਣਾ ਪੈਣਾ ।
ਵੀ. ਜੇ. ਹਸਪਤਾਲ ਦੇ ਬੂਹੇ ਲਾਗੇ, ਠੀਕ ਸਮਝਿਆ ਬਹਿਣਾ ।
ਵਹਾਂ ਤੁਰੰਤ ਡਾਕਟਰੀ ਸਹਾਇਤਾ, ਸੌਖ ਬੀਮਾਰ ਵਖਾਣਾ ।

ਸੰਘਣੇ ਬੋਹੜ ਦੀ ਛਾਵੇਂ ਏਥੇ, ਕੀਤਾ ਭਗਤ ਟਕਾਣਾ ।
ਰੱਬ ਦੇ ਜੀਅ, ਅਪਾਹਜ, ਪਿੰਗਲੇ, ਸਾਂਭਣ ਨਾਲ ਧਿਆਨਾ ।
ਠੰਡੋਂ ਬਚਣ ਦਾ ਕੋਈ ਨਾ ਸਾਧਨ, ਰੜੇ ਮੈਦਾਨ ਟਕਾਣਾ ।
ਭਗਤ ਜੀ ਰੱਬ ਆਸਰੇ ਡੱਟ ਗਏ, ਸੇਵਾ ਸਿਰਫ਼ ਨਿਸ਼ਾਨਾ ।

ਲੂਲੇ, ਪਿੰਗਲੇ ਪ੍ਰਭੂ ਭਗਤ ਦੇ, ਉਸ ਅਤਿਅੰਤ ਪਿਆਰੇ ।
ਪੈਸੇ ਅਤੇ ਇਲਾਜੋਂ ਵਾਂਞੇ, ਕਈ ਕਰਮਾਂ ਦੇ ਮਾਰੇ ।
ਨਾ ਕੋਈ ਛੰਨ ਨਾ ਕੋਠਾ ਮੱਠਲਾ, ਰੜੇ ਪਸੱਕੇ ਮਾਰੇ ।
ਰੋਗੀ ਬਹੁਤੇ ਏਸ ਸਮੇਂ 'ਚ, ਹੋ ਗਏ ਪ੍ਰਭੂ ਪਿਆਰੇ।



## ਨਿਹੰਗ ਖੜਕ ਸਿੰਘ ਦੀ ਮੌਤ

ਨਿਹੰਗ ਖੜਕ ਸਿੰਘ ਪਾਕਿਸਤਾਨੋਂ, ਆਇਆ ਬਣ ਪਨਾਹੀਂ ।
ਬੜਾ ਬੀਮਾਰ ਨਾ ਹਿੱਲਣ ਜੋਗਾ, ਕੋਈ ਨਾ ਪਕੜੇ ਬਾਹੀਂ ।
ਉਸ ਨੂੰ ਪਤਾ ਭਗਤ ਦਾ ਲੱਗਾ, ਕਰਨ ਸੰਭਾਲ ਦਵਾਈ ।
ਨਿਹੰਗ ਜੀ ਸ਼ਰਨ ਲੱਗਾ ਆ ਭਗਤਾਂ, ਇਸ ਵਿਚ ਸਮਝ ਭਲਾਈ ।

ਵੱਡਾ ਜ਼ਖ਼ਮ ਨਿਹੰਗ ਦੀ ਲੱਤ 'ਤੇ, ਕੱਢੇ ਜਾਨ ਨਪੀੜੇ।
ਫਿੰਨਸੀ ਵੱਧ ਨਾਸੂਰ ਬਣ ਗਈ, ਉਸ ਵਿਚ ਚੱਲ ਗਏ ਕੀੜੇ ।
ਧੋ ਕੇ ਜ਼ਖ਼ਮ ਕੱਢੇ ਸਭ ਕੀੜੇ, ਸਾਫ਼ ਪਵਾਏ ਲੀੜੇ।
ਚੈਣ ਅਰਾਮ ਨਿਹੰਗ ਸਿੰਘ ਆਇਆ, ਮਿਲੇ ਹਿਰੈਸ਼ੀ ਜੀਉੜੇ ।

ਭਗਤ ਜੀ ਲੈ ਨਿਹੰਗ ਸਿੰਘ ਤਾਈਂ, ਡਾਕਟਰ ਪਾਸ ਪਧਾਰੇ ।
ਲੱਤ ਗਲੀ ਹੱਡ ਨੰਗਾ ਹੋਇਆ, ਡਾਕਟਰ ਸਾਹਿਬ ਪੁਕਾਰੇ ।
ਕੱਟਿਆਂ ਠੀਕ ਹੋਣੀ ਲੱਤ ਦਿਸਦੀ, ਹੋਰ ਨਾ ਕੋਈ ਚਾਰੇ ।
ਐਪਰ ਲੱਤ ਕੱਟਣ ਤੋਂ ਪਹਿਲਾਂ, ਨਿਹੰਗ ਪ੍ਰਲੋਕ ਸਧਾਰੇ ।

ਏਸ ਮੌਤ ਨੇ ਭਗਤ ਆਤਮਾ, ਅੰਦਰ ਤੀਕ ਝੰਜੋੜੀ ।
ਬਾਝ ਇਲਾਜ, ਇਕ ਜੀਅ ਲੈ ਗਈ, ਵਿਗੜ ਮਾਮੂਲੀ ਫੋੜੀ ।
ਚੈਲੰਜ ਵਜੋਂ ਲਿਆ ਇਹ ਸਦਮਾ, ਭਗਤ ਸਾਹਿਬ ਨੇ ਬਹੁੜੀ ।
ਓ ਬੱਸ ਮਰੂ ਨਾ ਬਿਨਾਂ ਇਲਾਜੋਂ, ਹੁਣ ਕੋਈ ਪਿੰਗਲਾ ਕੋਹੜੀ ।

## ਮਿਊਂਨਿਸਪਲ ਕਮੇਟੀ ਮੁਲਾਜ਼ਮ ਭਗਤ ਜੀ ਨੂੰ ਉਠਾਉਣ ਆਏ

ਰੋਗੀ, ਪਿੰਗਲੇ, ਲੁਲ੍ਹੇ ਰੱਖੇ, ਭਗਤ ਹੁਰਾਂ ਦੀ ਲੀਲ੍ਹਾ ।
ਚੰਬੜੇ ਆਣ ਕਮੇਟੀ ਵਾਲੇ, ਖ਼ਾਲੀ ਕਰੋ ਤਬੇਲਾ ।

ਡੱਕਿਆ ਡਾਕਟਰ ਖ਼ੁਸ਼ਵੰਤ ਲਾਲ ਨੇ, ਕਰਕੇ ਵੱਡਾ ਹੀਲਾ ।
ਏਦਾਂ ਭਗਤ ਆਲ੍ਹਣਾ ਬਚ ਗਿਆ, ਹੋਣੋ ਤੀਲਾ ਤੀਲਾ ।

ਮੁਸਲਮਾਨਾਂ ਦੀਆਂ ਦੋ ਕੋਠੜੀਆਂ, ਵੇਖੀਆਂ ਖ਼ਾਲੀ ਪਈਆਂ ।
ਭਗਤ ਹੁਰਾਂ ਨੇ ਹਿੰਮਤ ਕਰਕੇ, ਦੋਵੇਂ ਹੀ ਮੱਲ ਲਈਆਂ ।
ਅੜਤਲਾ ਛਿੱਟ ਕਣੀ ਦਾ ਬਣਿਆ, ਸਫਾਂ ਵਿਛਾ ਵਿਚ ਲਈਆਂ ।
ਸਭ ਲਈ ਸਿਰ ਲੁਕਾਵਾ ਹੋਇਆ, ਜਾਨਾਂ ਸੁੱਖੀ ਹੋ ਗਈਆਂ ।

ਲੰਘਣ ਲੱਗੇ ਦਿਨ ਚੰਗੇਰੇ, ਹੋਈ ਕੁਝ ਜਾਨ ਸੁਖਾਲੀ ।
ਕੋਰਟ ਲਿਖਤ ਵਕੀਲ ਆ ਠਣਕਾ, ਕਰੋ ਕੋਠੜੇ ਖ਼ਾਲੀ ।
ਭਗਤ ਜੀ ਆਪ ਕਚਹਿਰੀ ਭੁਗਤੇ, ਹਾਲਤ ਸਭ ਸੰਭਾਲੀ ।
ਭਗਤ ਪੂਰਨ ਸਿੰਘ ਕੋਠੜੀਆਂ ਦੇ, ਬਣੇ ਰਹਿ ਵਾਰਸ-ਵਾਲੀ ।

## ਆਸ਼ਾ ਦੀ ਸੇਵਾ

ਭਗਤ ਜੀ ਹਸਪਤਾਲ ਲੈ ਜਾਂਦੇ, ਪਿੰਗਲੇ ਅਤੇ ਬੀਮਾਰਾਂ ।
ਬਹਿ ਡਾਕਟਰ ਰਣਬੀਰ ਕੋਲ ਕਰਦੇ, ਰੋਗ ਇਲਾਜ ਵੀਚਾਰਾਂ ।
ਕੁਝ ਕੁ ਸਮਾਂ ਲਗਾਉਂਦੇ ਓਥੇ, ਪੜ੍ਹਣ ਲਈ ਅਖ਼ਬਾਰਾਂ ।
ਪ੍ਰਭੂ ਦੇ ਭਗਤ ਸਾਹਿਬ ਨਮਸਕਾਰਾਂ, ਸੇਵਾ ਦੇ ਅਵਤਾਰਾਂ ।

ਡਾਕਟਰ ਪਾਸੋਂ ਉੱਠ ਭਗਤ ਜੀ, ਤੁਰੇ ਐਕਸਰੇ ਪਾਸੇ ।
ਇਕ ਬੀਮਾਰ ਬੀਬੀ ਤੇ ਬੱਚਾ, ਬੈਠੇ ਸਹਿਮ ਉਦਾਸੇ ।
ਟੀ.ਬੀ. ਰੋਗ ਨਾ ਕਾਸੇ ਜੋਗੇ, ਆਸਰੇ ਬਾਝ ਨਿਰਾਸੇ ।
ਜਿਸ ਦਾ ਵਾਹਰੂ ਕੋਈ ਨਾ ਜੱਗ 'ਤੇ, ਕੌਣ ਥੱਲੇ ਉਸ ਪਾਸੇ ।



ਉਹ ਆਸ਼ਾ ਕਸ਼ਮੀਰੀ ਔਰਤ, ਭਗਤ ਸੰਪਰਕ 'ਚ ਆਈ।
ਉਸਨੇ ਭਗਤ ਸਾਹਿਬ ਨੂੰ ਬਹਿ ਕੇ, ਵਿਥਿਆ ਸਭੀ ਸੁਣਾਈ।
ਭਰ ਗਿਆ ਮਨ ਤਰਸ ਨਾਲ ਭਗਤਾਂ, ਉਸ ਖਿਦਮਤ ਸਿਰ ਚਾਈ।
ਬੀਬੀ ਬੱਚਾ ਬਚਾਵਣ ਖ਼ਾਤਰ, ਵਾਹ ਭਗਤਾਂ ਨੇ ਲਾਈ।

ਹਸਪਤਾਲ ਤੋਂ ਦੋਂਹ ਜਣਿਆਂ ਨੂੰ, ਭਗਤ ਲੈ ਆਏ ਨਾਲੇ।
ਭੁੱਖੇ ਮਰੇ ਹੋਏ ਬੀਬੀ ਬੱਚਾ, ਹੋਏ ਬਹੁਤ ਬੇਹਾਲੇ।
ਗੁਰਬਤ ਅਤੇ ਬੀਮਾਰੀ ਘੁੱਲ ਘੁੱਲ, ਅਤਿ ਕਮਜ਼ੋਰ ਨਿਢਾਲੇ।
ਉਹਨਾਂ ਸਮਝ ਧੀ ਪੁੱਤਰ, ਭਗਤਾਂ, ਨਾਲ ਗਲੇ ਦੇ ਲਾ ਲਏ।

ਹਸਪਤਾਲ ਟਾਂਗੇ 'ਤੇ ਖੜਿਆ, ਪੰਜ ਰੁਪਏ ਕਿਰਾਇਆ।
ਭਗਤ ਜੀ ਸੇਠ ਲਾਲੀ ਸ਼ਾਹ ਪਾਸੋਂ, ਪੈਸੇ ਮੰਗ ਲਿਆਇਆ।
ਟੀ.ਬੀ. ਹਸਪਤਾਲ ਲੈ ਜਾ ਕੇ, ਸਭ ਚੈੱਕ-ਅੱਪ ਕਰਵਾਇਆ।
ਮਾਰੂ ਰੋਗ ਸਿਖਰ 'ਤੇ ਪਹੁੰਚਾ, ਲਾ-ਇਲਾਜ ਬਤਾਇਆ।

ਮਹਾਰਾਜੇ ਦੀ ਬਿਲਡਿੰਗ ਦੇ ਵਿਚ, ਉਸਦਾ ਬਿਸਤਰ ਕਰਦੇ।
ਚੌਂਕੀਦਾਰ ਦੇ ਰੋਕਣ ਕਰਕੇ, ਹੋਰ ਟਕਾਣਾ ਕਰਦੇ।
ਫਲ, ਦਵਾ, ਦੁੱਧ, ਚੰਗਾ ਭੋਜਨ, ਹਰ ਸ਼ੈ ਹਾਜ਼ਰ ਕਰਦੇ।
ਭਗਤ ਜੀ ਆਪ ਹੱਥੀਂ ਗੰਦ ਧੋਂਦੇ, ਪੂਰੀ ਖਿਦਮਤ ਕਰਦੇ।

ਅਣਥੱਕ ਸੇਵਾ ਹੁੰਦਿਆਂ ਤੁਰ ਗਈ, ਬੀਬੀ ਆਸ਼ਾ ਰਾਣੀ।
ਮੌਤ ਵਲੂੰਧਰ ਗਈ ਭਗਤਾਂ ਨੂੰ, ਹਿੱਲ ਗਈ ਰੂਹ ਨਿਮਾਣੀ।
ਦੁੱਖਾਂ ਨਾਲ ਜੂਝਦੀ ਮੁੱਕ ਗਈ, ਸੁਹਣੀ ਭਰ ਜਵਾਨੀ।
ਆਪ ਜਿਉਂਦੇ ਜੀਅ ਸੌਂਪ ਗਈ ਜੀਤਾ, ਭਗਤ ਜੀ ਬ੍ਰਹਮ-ਗਿਆਨੀ।

# ਭਗਤ ਜੀ ਅਤੇ ਜੀਤਾ

ਭਗਤਾਂ ਨਾਲ ਪਰਚ ਗਿਆ ਜੀਤਾ, ਪੈ ਗਿਆ ਪਿਆਰ ਅਥਾਹੀ।
ਪਸ਼ੂ ਫਿਰਨ ਪਿੱਛੇ ਹੱਥ ਪੰਛੀ, ਪਿਆਰ 'ਚ ਖਿੱਚ ਇਲਾਹੀ।
ਕੁੱਛੜ ਚੁੱਕਣ, ਲਾਡ ਲਡਾਵਣ, ਪੁੱਤਰਾਂ ਵਾਂਗ ਪਲਾਈ।
ਰੱਬੀ ਚੁੰਬਕੀ ਖਿੱਚ ਭਗਤ ਵਿੱਚ, ਮੋਹ ਲਈ ਕੁੱਲ ਲੋਕਾਈ।

ਗੋਦੀ ਲੈ ਜੀਤੇ ਨੂੰ ਸੋਚਣ, ਪਾਲੂੰ ਇਸੇ ਪੜਾਊਂ।
ਉੱਚ ਵਿਦਿਆ ਤੇ ਸ਼ੁੱਭ ਆਦਤਾਂ, ਚੰਗੇ ਗੁਣ ਸਖਾਊਂ।
ਤਨੋਂ ਮਨੋਂ ਲਾ ਵਾਹ ਏਸ ਨੂੰ, ਸੱਭਿਅਕ ਮਨੁੱਖ ਬਣਾਊਂ।
ਸੇਵਾ ਵਿਚ ਮਨੁੱਖ-ਮਾਤਰ ਦੀ, ਆਪਣੇ ਵਾਂਗ ਲਗਾਊਂ।

ਭਗਤਾਂ ਗੋਦ ਬਿਠਾਇਆ ਜੀਤਾ, ਪਿੰਡਾ ਤੱਪਦਾ ਸਿਕਦਾ।
ਡਾਕਟਰ ਕਹਿਣ ਸਟੇਜ ਅਖ਼ੀਰੀ, ਰੋਗ ਇਹਨੂੰ ਤਪਦਿਕ ਦਾ।
ਕਰੋ ਦੁਆ ਜੋ ਬਣ ਜਾਏ ਦਾਰੂ, ਜੀਵਨ ਨਹੀਂ ਮੁੱਲ ਵਿਕਦਾ।
ਹੁੰਦੇ ਸਭ ਵਧੀ ਦੇ ਦਾਰੂ, ਘਟੀ ਤਾਂ ਕੁਝ ਨਹੀਂ ਮਿਲਦਾ।

ਜੀਤੇ ਨਾਲ ਜੁੜੇ ਤਨ ਮਨ ਤੋਂ, ਚੰਗਾ ਜਾਣਨ ਜਾਨੋਂ।
ਸੁਣ ਕੇ ਭਿਆਨਕ ਰੋਗ ਜੀਤੇ ਨੂੰ, ਭਗਤਾਂ ਦੀ ਗਈ ਥਾਨੋਂ।
ਵੇਖਣ ਛਬ ਪੁੱਤਰ ਦੀ ਉਸ 'ਚੋਂ, ਪਿਆਰਨ ਵੱਧ ਪ੍ਰਾਣੋਂ।
ਖਿਦਮਤ ਪੰਜ ਮਹੀਨੇ ਦੀ ਲੈ, ਤੁਰ ਗਿਆ ਏਸ ਜਹਾਨੋਂ।

ਚਾਹਵਣ ਅਸੀਂ ਕਿਸੇ ਦੇ ਹੋਈਏ, ਤੇ ਕੋਈ ਸਾਡਾ ਹੋਵੇ।
ਜਿਹੜਾ ਦੁੱਖ ਸੁੱਖ ਤੰਗੀ ਵੇਲੇ, ਅੰਗ ਸੰਗ ਆਣ ਖਲੋਵੇ।
ਔਖੀ ਵੇਲੇ ਪਾਸਾ ਥੱਲੇ, ਦਿੱਲੋਂ ਹਿਤੈਸ਼ੀ ਹੋਵੇ।
ਹਰ ਥਾਂ ਹੁਕਮ ਪ੍ਰਭ ਦਾ ਵਰਤੇ, ਜੋ ਉਸ ਭਾਵੇ ਹੋਵੇ।



ਮਾਂ ਤੋਂ ਵੱਧ ਹਿਤੈਸ਼ੀ ਜੱਗ ਤੇ, ਹੋਰ ਕੋਈ ਨਾ ਹੋਏ।
ਮਾਂ ਤੁਰੀ ਤਾਂ ਭਗਤ ਪੂਰਨ ਸਿੰਘ, ਬਹੁਤ ਜ਼ਿਆਦੇ ਰੋਏ।
ਜੀਤੇ ਚਿਤਾ 'ਤੇ ਦੂਜੀ ਵਾਰੀ, ਰੋ ਰੋ ਫਾਵੇ ਹੋਏ।
ਭਲਾ ਮਾਸ ਨੌਂਹਾਂ ਜਾਂ ਟੁੱਟੇ, ਦਰਦ ਨਾ ਕੀਕੂੰ ਹੋਏ।

# ਛੱਜੂ ਦੀ ਮੌਤ

ਹਸਪਤਾਲ ਤੋਂ ਜਵਾਬ ਛੱਜੂ ਨੂੰ, ਸ਼ਰਨ ਭਗਤ ਜੀ ਆਇਆ।
ਭਗਤਾਂ ਬੜੀ ਹਿਫਾਜ਼ਤ ਕੀਤੀ, ਸੇਵਾ ਫ਼ਰਜ਼ ਨਿਭਾਇਆ।
ਡਾਕਟਰਾਂ ਕੋਲ ਛੱਜੂ ਨੂੰ ਖੜ ਕੇ, ਖੂਬ ਇਲਾਜ ਕਰਾਇਆ।
ਰੋਗ 'ਚ ਮੋੜ ਪਿਆ ਨਾ ਉੱਕਾ, ਹੋਇਆ ਦੂਣ ਸਵਾਇਆ।

ਰੁੱਲਦੇ ਫਿਰਦੇ ਛੱਜੂ ਰਾਮ ਨੂੰ, ਮਿਲ ਗਿਆ ਅੰਤ ਟਕਾਣਾ।
ਬਸਤਰ, ਰੋਟੀ ਅਤੇ ਦਵਾਈਆਂ ਫਲ, ਦੁੱਧ ਚੰਗਾ ਖਾਣਾ।
ਐਪਰ ਤਪਦਿਕ ਰੋਗ ਛੱਜੂ ਲਈ, ਬਣ ਗਿਆ ਮੌਤ ਬਹਾਨਾ।
ਜਦ ਉਸ ਸੁੱਖ ਨਸੀਬੀਂ ਹੋਇਆ, ਪਰ ਮੁੱਕਾ ਅੰਨ ਦਾਣਾ।

# ਕਾਲੂ ਦੀ ਮੌਤ

ਰੇਲ ਸਟੇਸ਼ਨ ਬੱਚਾ ਮਿਲਿਆ, ਹਿਲਜੁਲ ਬੋਲ ਨਾ ਸਕੇ।
ਰੋਟੀ, ਪਾਣੀ ਕੁਝ ਮੰਗ ਨਾ ਸਕੇ, ਕੇਵਲ ਬਿੱਟ ਬਿੱਟ ਤੱਕੇ।
ਪਲੇਟ ਫਾਰਮ 'ਤੇ ਪਿਆ ਲਾਵਾਰਸ, ਕੋਈ ਨਾ ਉਸ ਨੂੰ ਚੱਕੇ।
ਉਸ ਚੁੱਕ ਗਲੇ ਲਗਾਇਆ ਭਗਤਾਂ, ਜਿਸ ਤੋਂ ਮਾਪੇ ਅੱਕੇ।

ਜੀਅ ਬਹੁਤੇਰੇ ਦੋ ਕੋਠੜੀਆਂ, ਨਾ ਹੀ ਮੰਜੇ ਪੂਰੇ।
ਕਿਸੇ ਰਜਾਈ ਕਿਸੇ ਤਲਾਈ, ਬਿਸਤਰ ਸਭੀ ਅਧੂਰੇ।

ਭੁੰਜੇ ਪਿਆ ਕੋਈ ਲੱਕ ਰਗੜੇ, ਮਾੜੇ ਕਰਮਾਂ ਝੂਰੇ।
ਮਸਾਂ ਭਗਤ ਜੀ ਮਰਦੇ ਭਰਦੇ, ਬੂਬ ਕਰਨ ਸਭ ਪੂਰੇ।

ਇਕ ਦਿਨ ਭਗਤ ਬੀਮਾਰ ਹੋ ਗਏ, ਗਈ ਨਾ ਸੇਵ ਨਿਭਾਈ।
ਨਰਾਇਣ ਸਿੰਘ ਬਿਸਤਰੇ ਕੀਤੇ, ਹੋ ਗਈ ਕਿਤੇ ਕੋਤਾਹੀ।
ਲੱਗ ਗਈ ਠੰਡ ਕਾਲੂ ਨੂੰ ਬਹੁਤੀ, ਆਸ ਬਚਣ ਨਾ ਕਾਈ।
ਕਾਲੂ ਬਹੁਤ ਨਿਢਾਲ ਹੋ ਗਿਆ, ਸੁੱਧ ਬੁੱਧ ਰਹੀ ਨਾ ਕਾਈ।

ਉੱਠ ਸਵੇਰੇ ਕਾਲੂ ਤਾਈਂ, ਡਾਕਟਰ ਪਾਸ ਪਹੁੰਚਾਇਆ।
ਟੀਕੇ ਲਾ ਦਵਾਈ ਦਿੱਤੀ, ਪੂਰਾ ਯਤਨ ਲਗਾਇਆ।
ਖਾ ਗਈ ਠੰਡ ਹੱਡਾਂ ਨੂੰ ਉਹਦੇ, ਪੋਹਵੇ ਨਾ ਕੁਝ ਖਾਇਆ।
ਬੱਚਾ ਕੁਝ ਦਿਨ ਹੱਡ ਰਗੜ ਕੇ, ਉਹ ਪ੍ਰਲੋਕ ਸਿਧਾਇਆ।

## ਹੁਸੈਨਪੁਰੇ ਡੇਰਾ

ਹੁਸੈਨਪੁਰੇ 'ਚ ਚਰਵੰਜਾ ਵਿਚ, ਭਗਤਾਂ ਡੇਰੇ ਲਾਏ।
ਉਹਨਾਂ ਕੋਲ ਪੰਜਾਬ ਦੇ ਲੱਗਭੱਗ, ਰੋਗੀ ਪਿੰਗਲੇ ਆਏ।
ਝੁੱਗੀਆਂ ਪਾ ਕੇ ਭਗਤਾਂ ਸਾਰੇ, ਉਹਨਾਂ ਵਿਚ ਬਿਠਾਏ।
ਚੰਗਾ ਸਿਰ ਲੁਕਾਵਾ ਕੀਤਾ, ਰੁਲਣੋਂ ਸਭੀ ਬਚਾਏ।

ਸੇਵਾਦਾਰ ਮਿਊਂਸਿਪਲ ਕਮੇਟੀ, ਭਗਤ ਕੋ ਹੋਏ ਸਵਾਲੀ।
ਕਿਰਪਾ ਕਰਕੇ ਝੁੱਗੀਆਂ ਦੀ ਥਾਂ, ਕਰ ਦਿਓ ਸਾਰੀ ਖ਼ਾਲੀ।
ਸਿਨੇਮਾ ਘਰ ਸਾਹਮਣੇ ਖ਼ਾਲੀ, ਮਲਕੇ ਬਣ ਜਾਓ ਵਾਲੀ।
ਓਥੇ ਬਹੁਤ ਛਤੌਂਤ ਖੁੱਲ੍ਹੀ ਥਾਂ, ਹੋ ਜਾਊ ਜਾਨ ਸੁਖਾਲੀ।

ਮਿੰਨਤ ਮੰਨ ਮਿਊਂਸਿਪਲ ਕਮੇਟੀ, ਝੁੱਗੀਆਂ ਖ਼ਾਲੀ ਕਰ ਗਏ।
ਚੁੱਕ ਸਾਮਾਨ ਲੈ ਰੋਗੀ ਪਿੰਗਲੇ, ਸ਼ਿਫਟ ਭਗਤ ਜੀ ਕਰ ਗਏ।



ਸਿਨੇਮਾ ਘਰ ਵਿਚ ਆ ਬਿਰਾਜੇ, ਬਿਲਡਿੰਗ ਹੱਥ ਵਿਚ ਕਰ ਗਏ।
ਭਗਤ ਨੂੰ ਤਾਂਘ ਚਰੋਖੀ ਘਰ ਦੀ, ਅੰਤ ਉਹ ਪੂਰੀ ਕਰ ਗਏ।

ਚਲਾਉਣ ਲਈ ਪਿੰਗਲਵਾੜਾ ਭਗਤਾਂ, ਕਮੇਟੀ ਇਕ ਬਣਾਈ।
ਸ: ਮੁਬਾਰਕ ਸਿੰਘ, ਮਾਨ ਸਿੰਘ ਮੈਂਬਰ, ਹਰ ਥਾਂ ਹੋਣ ਸਹਾਈ।
ਸ੍ਰੀ ਦੇਸ ਰਾਜ ਥਾਪਿਆ ਮੈਨੇਜਰ, ਡਿਊਟੀ ਖ਼ੂਬ ਨਿਭਾਈ।
ਉਹਨਾਂ ਭਲੇ ਜੋਟੀਦਾਰ ਬਣਾਏ, ਫਿਰਦੇ ਕੰਮ ਚਲਾਈ।

## ਸਿਨੇਮਾ ਖ਼੍ਰੀਦਣ ਦੀ ਵੀਚਾਰ

ਭਗਤ ਸਾਹਿਬ ਨੂੰ ਸੂਹਾਂ ਮਿਲੀਆਂ, ਹੋਈ ਸਿਨੇਮੇ ਬੋਲੀ।
ਹਸਪਤਾਲ ਦੇ ਲਾਗੇ ਥਾਂ ਚੰਗੀ, ਮਿਲੇ ਨਾ ਲੱਭੀ ਟੋਲੀ।
ਸਰਦਾਰ ਪ੍ਰਤਾਪ ਸਿੰਘ ਕੈਰੋਂ ਅੱਗੇ, ਭਗਤਾਂ ਅੱਡੀ ਝੋਲੀ।
ਕੈਰੋਂ ਸਾਹਿਬ ਕਹਿਣ ਕਮਾ ਕੇ ਖਾਓ, ਮੰਗੋ ਕਿਉਂ ਬਣ ਟੋਲੀ।

ਨਿਰੋਲ ਸੇਵਾ 'ਤੇ ਟਿਕੀ ਹੋਈ ਸੀ, ਭਗਤ ਦੀ ਕਾਰਜ ਸ਼ੈਲੀ।
ਬਲਰਾਜ ਅਤੇ ਜੁਗਰਾਜ ਜੇਹੇ ਦਾਨੀ, ਦੇਣ ਉਹਨਾਂ ਨਿੱਤ ਥੈਲੀ।
ਜਾਲੇ ਜ਼ਫ਼ਰ, ਨਰਾਇਣ ਕੁੰਡੇ ਨੇ, ਸੇਵਾ ਤੋੜ ਨਿਭਾ ਲਈ।
ਚੰਗੇ ਭਲੇ ਦਾਨੀ ਨਿੱਤ ਭਗਤਾਂ ਦੀ, ਕਰਦੇ ਗਰਮ ਹਥੇਲੀ।

ਸੰਨ ਉਨੀ ਸੌ ਬਵੰਜਾ ਤਕ ਭਗਤ ਜੀ, ਰਹੇ ਖੈਰਾਇਤਾਂ ਮੰਗਦੇ।
ਹੁਸੈਨਪੁਰੇ ਸੁਬਾਹ, ਰਾਮ ਬਾਗ ਦੁਪਹਿਰੇ, ਸ਼ਾਮ ਬਜ਼ਾਰੀਂ ਮੰਗਦੇ।
ਗਲ ਟੱਲੀ ਤੇ ਹੱਥ ਵਿਚ ਬਾਟਾ, ਮੰਗਦੇ ਮੂਲ ਨਾ ਸੰਗਦੇ।
ਭਗਤ ਜੀ ਸੋਚ ਭਲੇ ਲਈ ਕਰਨਾ, ਜਾਨ ਵੀ ਸੂਲੀ ਟੰਗਦੇ।

ਲੈ ਜਵਾਬ ਕੈਰੋਂ ਤੋਂ ਕੋਰਾ, ਪਈਆਂ ਸੋਚ ਵਿਚਾਰਾਂ ।
ਬੰਨ੍ਹ ਉਠਾਈ ਪੰਡ ਸੇਵਾ ਦੀ, ਕਹਾਂ ਵਗਾਹ ਇਹ ਮਾਰਾਂ ।
ਸੇਵਾਦਾਰ ਖੁਦਾ ਦੇ ਜੀਵਾਂ, ਜਿਸ ਨੂੰ ਸਭ ਦੀਆਂ ਸਾਰਾਂ ।
ਸੋਚਣ ਬੰਦ ਜੇ ਹੋਇਆ ਇਕ ਦਰ, ਖੁੱਲ੍ਹੇ ਹੋਰ ਹਜ਼ਾਰਾਂ ।

ਮਾਸਟਰ ਤਾਰਾ ਸਿੰਘ ਸਾਹਿਬ ਉਦੋਂ ਸਨ, ਪ੍ਰਧਾਨ ਅਕਾਲੀ ਦਲ ਦੇ ।
ਮਿਲ ਉਸ ਭਗਤਾਂ ਅਰਜ਼ ਗੁਜ਼ਾਰੀ, ਪਾਸਾ ਸਾਡਾ ਥੱਲ ਦੇ ।
ਪਿੰਗਲਿਆਂ ਲਈ ਵੀ ਖਰੀਦ ਦਿਓ ਘਰ, ਇਹ ਮਸਲਾ ਕਰ ਹੱਲ ਦੇ ।
ਕਰੋਗੇ ਭਲਾ ਹੋਵੇਗਾ ਭਲਾ, ਸਦਾ ਭਲਾਈ ਫਲ ਦੇ ।

ਮਾਸਟਰ ਤਾਰਾ ਸਿੰਘ ਜੀ ਮੰਨ ਗਏ, ਰਹਿਮਤ ਮਨ ਵਸਾਈ ।
ਹੁਡਿਆਰਾ ਸਾਹਿਬ, ਕਰਤਾਰ ਸਿੰਘ ਦੀ, ਮੀਟਿੰਗ ਤੁਰੰਤ ਬੁਲਾਈ ।
ਭਗਤ ਹੁਰਾਂ ਤੋਂ ਹੋ ਪ੍ਰਭਾਵਤ, ਹਮਦਰਦੀ ਦਿਖਲਾਈ ।
ਮਾਸਟਰ ਜੀ ਪਾਸ ਮਤਾ ਕਰ ਰਾਸ਼ੀ, ਸੱਠ ਹਜ਼ਾਰ ਦੀ ਪਾਈ ।

ਏਸੇ ਸਮੇਂ ਦੌਰਾਨ ਭਗਤ ਕੋਲ, ਵਧ ਗਏ ਪਿੰਗਲੇ ਰੋਗੀ ।
ਮਿਲ ਮਾਸਟਰ ਜੀ ਕਿਹਾ ਰਿਹਾਇਸ਼, ਰੋਗੀਆਂ ਲਈ ਘੱਟ ਹੋ ਗਈ ।
ਹਸਪਤਾਲ ਨੇੜੇ ਥਾਂ ਲਈਏ, ਹੋਏ ਜੋ ਸਭਨਾਂ ਜੋਗੀ ।
ਪ੍ਰਧਾਨ ਜੀ ਸਭੀ ਇਹ ਪਰਉਪਕਾਰੀ, ਆਪ ਦੀ ਹੱਥੀਂ ਹੋਗੀ ।

ਗੁਰਦੁਆਰਾ ਬਾਬਾ ਦੀਪ ਸਿੰਘ ਕੋਲ, ਥਾਂ ਮਾਸਟਰ ਮਨ ਲੱਗੀ ।
ਹਸਪਤਾਲ ਤੋਂ ਹਟਵੀਂ ਕਰਕੇ, ਭਗਤਾਂ ਠੀਕ ਨਾ ਲੱਗੀ ।
ਭਗਤ ਜੀ ਚਾਹੁਣ ਖੁੱਲ੍ਹੀ ਥਾਂ, ਹੋਵੇ ਹਸਪਤਾਲ ਨਾਲ ਲੱਗੀ ।
ਰਿਹਾ ਥਾਂ ਮਤਾ ਵਿਚਾਰ ਅਧੀਨੇ, ਗੱਲ ਸਿਰੇ ਨਾ ਲੱਗੀ ।



## ਸ. ਹੁਕਮ ਸਿੰਘ ਨੂੰ ਅਰਜ਼

ਸਪੀਕਰ ਲੋਕ ਸਭਾ ਸ. ਹੁਕਮ ਸਿੰਘ, ਅੰਮ੍ਰਿਤਸਰ ਵਿਚ ਆਏ ।
ਸਰਕਟ ਹਾਊਸ 'ਚ ਮਿਲੇ ਭਗਤ ਜੀ, ਪਿੰਗਲਵਾੜੇ ਲੈ ਆਏ ।
ਮੁਸ਼ਕਲ ਦੱਸੀ ਬਿਲਡਿੰਗ ਬਾਰੇ, ਦੁੱਖੜੇ ਫੋਲ ਸੁਣਾਏ ।
ਸਰਦਾਰ ਜੀ ਕਹਿਣ ਕਰਾਂਗਾ ਕੋਸ਼ਿਸ਼, ਜੋ ਮੇਰੀ ਵਾਹ ਜਾਏ ।

ਸਪੀਕਰ ਸਾਹਿਬ ਪਰਤ ਗਏ ਦਿੱਲੀ, ਦੇਖ ਦੁੱਖੀ ਦਿਲ ਹਿਲਿਆ ।
ਮਹਿਕਮਾ ਮੁੜ-ਵਸਾਉ ਮੰਤਰੀ, ਮੇਹਰ ਚੰਦ ਨੂੰ ਮਿਲਿਆ ।
ਪਿੰਗਲਵਾੜੇ ਦੀ ਗੱਲ ਕਰ ਦੱਸਿਆ, ਇਕ ਮਸੀਹਾ ਮਿਲਿਆ ।
ਮੇਹਰ ਕਰ ਥਾਂ 'ਤੇ ਵਿੱਤੀ ਸਹਾਇਤਾ, ਦੇ ਉਸ ਲੋਕਾਂ ਭਲਿਆ ।

## ਮੰਤਰੀ ਮੇਹਰ ਚੰਦ ਦਾ ਆਉਣਾ

ਕੁਝ ਚਿਰ ਪਿੱਛੋਂ ਮੇਹਰ ਚੰਦ ਜੀ, ਅੰਮ੍ਰਿਤਸਰ ਪਧਾਰੇ।
ਦੋਵੇਂ ਜੀਅ ਗਏ ਪਿੰਗਲਵਾੜੇ ਵਿਚ, ਦੇਖੇ ਸਭ ਦੁੱਖਿਆਰੇ।
ਦਿਲ ਪਸੀਜ ਗਏ ਤੱਕ ਰੋਗੀ, ਪਿੰਗਲੇ ਕਰਮਾਂ ਮਾਰੇ।
ਦੋਵੇਂ ਜੀਅ ਕਹਿਣ ਪ੍ਰਭ ਤੋਂ ਡਰੀਏ, ਉਸ ਦੇ ਰੰਗ ਨਿਆਰੇ।

ਪਿੰਗਲੇ ਵੇਖ ਦੋਵੇਂ ਜੀਅ ਆ ਕੇ, ਭਗਤ ਸਾਹਿਬ ਕੋਲ ਬਹਿ ਗਏ ।
ਭਗਤ ਸਾਹਿਬ ਦੀਆਂ ਸੁਣ ਵਿਚਾਰਾਂ, ਵਹਿਣਾਂ ਦੇ ਵਿਚ ਵਹਿ ਗਏ ।
ਪਿਆਰ, ਵਿਹਾਰ, ਦੀਦਾਰ ਪਿੰਗਲਿਆਂ, ਨਾਲੇ ਸਭ ਕੁਝ ਲੈ ਗਏ ।
ਮੈਂ ਹੁਣ ਜਾਊਂ ਦਿੱਲੀ ਕੁਝ ਦੇ ਕੇ, ਜਾਣ ਲੱਗੇ ਇਹ ਕਹਿ ਗਏ ।

ਉਹਨਾਂ ਖੰਨਾ ਸਾਹਿਬ ਡੀ.ਸੀ. ਨੂੰ ਕਿਹਾ, ਭਗਤ ਜੀ ਭੋਏਂ ਮੁਤਲਾਸ਼ੀ।
ਜਿੱਥੇ ਕਹਿਣ ਦੇ ਦੇਣੀ ਉਹਨਾਂ, ਜੋ ਥਾਂ ਹੋਏ ਨਿਕਾਸੀ।

ਪਰ ਹੋਵੇ ਹਸਪਤਾਲ ਦੇ ਨੇੜੇ, ਦੇਣੀ ਸਸਤੀ ਖਾਸੀ।
ਆਪ ਕਰੋ ਅਸਲ ਇਹ ਪਰਉਪਕਾਰੀ, ਗੱਲ ਨਾ ਕੋਈ ਸਿਆਸੀ।

ਗੁਲਾਬ ਦੇਵੀ ਹਸਪਤਾਲ ਜਲੰਧਰ ਵਿਚ, ਦੌਰਾ ਮੇਰਾ ਜ਼ਰੂਰੀ।
ਓਥੇ ਬੈਠ ਤੁਹਾਡੇ ਲਈ ਮੈਂ, ਰਕਮ ਕਰੂੰ ਮਨਜ਼ੂਰੀ।
ਕਾਫ਼ੀ ਰਕਮ ਤੁਹਾਨੂੰ ਦੇਵੂੰ, ਲੋੜ ਕਰੇ ਜੋ ਪੂਰੀ।
ਇਸ ਤੋਂ ਬਾਅਦ ਪਰਤ ਜਾਊਂ ਦਿੱਲੀ, ਕਰਕੇ ਕੰਮ ਜ਼ਰੂਰੀ।

ਪਿੰਗਲਵਾੜੇ ਨੂੰ ਰਕਮ ਦੇਣ ਦੀ, ਕੀਤੀ ਜਦੋਂ ਤਿਆਰੀ।
ਲਾਗੇ ਬੈਠੇ ਚੁਗਲ ਨਿਕੰਮੇ, ਝੱਟਪੱਟ ਚੁਗਲੀ ਮਾਰੀ।
ਬਹੁਤੀ ਫੁੱਟ ਪਈ ਪਿੰਗਲਵਾੜੇ ਵਿਚ, ਕਰੋ ਨਾ ਗ਼ਲਤੀ ਭਾਰੀ।
ਆਪ ਕਰੋ ਨਾ ਕੁੱਤਿਆਂ ਗਵਾਉਣੀ, ਭਗਤ ਰਕਮ ਦੇ ਭਾਰੀ।
ਖੁਸ਼ੀ ਖੁਸ਼ਾਲੀ ਕੱਠੇ ਹੋਏ, ਮਿਲ ਬੈਠੇ ਨਾਲ ਚਾਅ ਦੇ।
ਮਾੜੇ ਬੰਦੇ ਲੇਖਾ ਪਾਇਆ, ਬੀ ਦਾ ਵਿਚ ਵਿਆਹ ਦੇ।
ਕੌੜੇ ਸ਼ਬਦ ਹਥੌੜੇ ਵਾਂਗੂੰ, ਛਲਣੀ ਕਰ ਗਏ ਸੀਨਾ।
ਰੱਬਾ ਪਾਲਾ ਪਿਆ ਹੈ ਤੈਨੂੰ, ਕਿਹੜੀ ਨਾਲ ਬਲਾ ਦੇ।

ਹਸਪਤਾਲ ਦੇ ਵੱਡੇ ਡਾਕਟਰ, ਵਿਚੇ ਸਨ ਬਿਰਾਜੇ।
ਕਹਿਣ ਭਗਤ ਜੀ ਸਾਂਭਣ ਸਾਡੇ, ਰੋਗੀ ਬੇ-ਇਲਾਜੇ।
ਇੰਵ ਕਰ ਮਦਦ ਅਸਾਡੀ ਹਰਦਮ, ਰੱਖਣ ਸਾਡੀ ਲਾਜੇ।
ਮੰਤਰੀ ਜੀ ਕਰੋ ਸਹਾਇਤਾ ਉਹਨਾਂ, ਉਹ ਤਾਂ ਅਤਿ ਮੁਹਤਾਜੇ।

ਲੱਗ ਡਾਕਟਰ ਦੇ ਕਹੇ ਮੰਤਰੀ, ਜਾਣਨ ਭਗਤ ਹਜ਼ੂਰੀ।
ਇਮਾਰਤ ਬਣਾਉਣ ਲਈ, ਚਾਲੀ ਹਜ਼ਾਰ ਰੁਪਏ ਦੇ ਦਿੱਤੀ ਮਨਜ਼ੂਰੀ।



ਚੁਗਲ, ਬੇਈਮਾਨ, ਸ਼ੈਤਾਨ, ਨਿਕੰਮਾ, ਬਹਿ ਗਿਆ ਬਣ ਕਤੂਰੀ।
ਮੇਹਰ ਦੀ ਕਲਮ ਭਲੇ ਲਈ ਚੱਲੀ, ਕਰ ਗਈ ਕੰਮ ਜ਼ਰੂਰੀ।

ਦਿੱਤੀ ਰਕਮ ਹੋਇਆ ਸਭ ਕੋਲੇ, ਹੋਇਆ ਬੜਾ ਗੁਸੈਲਾ।
ਆਪਣਾ ਮੂੰਹ ਲੈ ਬਹਿ ਗਿਆ ਪਾਪੀ, ਕਰ ਐਵੇਂ ਵਾ-ਵੇਲਾ।
ਸੱਚ ਹਮੇਸ਼ਾਂ ਸ਼ਹਿਦੋਂ ਮਿੱਠਾ, ਲੱਗੇ ਬੜਾ ਕੁਸੈਲਾ।
ਲੋਕੋ ਸੱਚ ਤਾਂ ਦੁੱਧੋਂ ਚਿੱਟਾ, ਲੱਗੇ ਕਿਉਂ ਘਸਮੈਲਾ।

## ਪਿੰਗਲਵਾੜੇ ਲਈ ਜਗ੍ਹਾ ਮਿਲਣਾ– ਭਗਤ ਦਾ ਸੁਪਨਾ ਸਾਕਾਰ ਹੋਣਾ

ਫੁੱਲ ਨੂੰ ਨਿੱਤ ਨਿੱਤ ਏਹੀ ਭੁਲੇਖੇ, ਤੁਰ ਨਾ ਜਾਂ ਅਣਦੇਖੇ।
ਦਿਲ 'ਚ ਤਾਂਘ ਖਿੜਨ ਤੋਂ ਪਹਿਲਾਂ, ਕਿ ਕੋਈ ਆਵੇ ਦੇਖੇ।
ਕਿਤੇ ਇਹ ਮੇਰੇ ਦਿਲ ਦੀਆਂ ਸੱਧਰਾਂ, ਰਹਿਣ ਨਾ ਪਈਆਂ ਦਿਲ 'ਚ,
ਜੇ ਕਰ ਤੋੜ ਪਰੋ ਗਲ ਪਾਵੇਂ, ਮੇਰਾ ਜੀਵਨ ਲੱਗ ਜਾਏ ਲੇਖੇ।

ਸਭ ਤੋਂ ਵੱਧ ਅਫ਼ਸੋਸ ਭਗਤ ਨੂੰ, ਹੋਵਣ ਦਾ ਬੇਘਰਿਆ।
ਸਥਾਪਤ ਕਰਨ ਲਈ ਪਿੰਗਲਵਾੜਾ, ਦ੍ਰਿੜ੍ਹ ਇਰਾਦਾ ਕਰਿਆ।
ਬਣਾਉਣ ਲਈ ਕੋਈ ਆਲ੍ਹਣਾ ਪੱਕਾ, ਮਨ ਨਾਲ ਨਿਸ਼ਚਾ ਕਰਿਆ।
ਭਗਤ ਇਹ ਸੰਸਥਾ ਸਥਾਪਤ ਕਰਨ ਲਈ ਯਤਨ ਸਦਾ ਹੀ ਕਰਿਆ।

ਪਿੰਗਲਵਾੜੇ ਦੀ ਉਸਾਰੀ ਕਰਨ ਦਾ, ਚਾਅ ਭਗਤਾਂ ਨੂੰ ਐਸਾ।
ਹਸਪਤਾਲ ਨੇੜੇ ਹੋਏ ਥਾਂ ਖੁੱਲ੍ਹਾ, ਸਾਫ਼ ਹਥੇਲੀ ਜੈਸਾ।
ਬਿਲਡਿੰਗ ਬੜੀ ਉਸਾਰਨ ਦੇ ਲਈ, ਚਾਹੀਏ ਖੁੱਲ੍ਹਾ ਪੈਸਾ।
ਜਿਸ ਨੇ ਲੜ ਹਿੰਮਤ ਦਾ ਫੜਿਆ, ਹੋਇਆ ਸਫਲ ਹਮੇਸ਼ਾ।

ਪਾਕਿਸਤਾਨ ਚਲੇ ਗਏ ਲੋਕੀਂ, ਛੱਡ ਨਿਕਾਸੀ ਥਾਵਾਂ ।
ਮਹਿਕਮੇ ਪਿੰਗਲਵਾੜੇ ਦੇ ਦਿੱਤੀਆਂ, ਚਾਰ ਰੁਪਏ ਗਜ਼ ਨਾਵਾਂ ।
ਕਦੀ ਸੜਕ ਤੇ ਕਦੇ ਸਟੇਸ਼ਨ, ਕਦੀ ਬੋਹੜ ਦੀਆਂ ਛਾਵਾਂ ।
ਆਖਰ ਬਣੇ ਥਾਂ ਵਾਲੇ ਪਿੰਗਲੇ, ਮਿਲੀ ਨਿਥਾਵੇਂ ਥਾਵਾਂ ।

ਮਿਲਿਆ ਥਾਂ ਨਿਥਾਵੇਂ ਤਾਈਂ, ਹੋਇਆ ਖ਼ਤਮ ਉਜਾੜਾ ।
ਰਕਮ ਅਕਾਲੀ ਦਲ ਖੰਨੇ ਦੀ, ਲਾ ਬਣਾਇਆ ਵਾੜਾ ।
ਹੋਇਆ ਸਾਕਾਰ ਭਗਤ ਦਾ ਸੁਪਨਾ, ਘਰ ਬਣਾ ਚੰਗਾ ਮਾੜਾ ।
ਸੰਨ ਉਨੀ ਸੌ ਸਤਵੰਜਾ ਵਿਚ ਆਇਆ, ਹੋਂਦ 'ਚ ਪਿੰਗਲਵਾੜਾ ।

ਕਈ ਬੈਰਕਾਂ ਕਮਰੇ ਚਾਰ-ਦੀਵਾਰੀ, ਬਿਲਡਿੰਗ ਖ਼ੂਬ ਬਣਾਈ ।
ਗੁਰਦੁਆਰਾ ਸਾਹਿਬ ਡਿਸਪੈਂਸਰੀ, ਦਫ਼ਤਰ, ਪ੍ਰਿੰਟਿੰਗ ਪ੍ਰੈਸ ਲਗਾਈ ।
ਮੁੜ-ਵਸਾਊ ਕੇਂਦਰ, ਕੰਨਿਆਂ ਦੇ ਲਈ, ਕਈ ਕਿਸਮਾਂ ਸਿਖਲਾਈ ।
ਫਿਰ ਆਲ ਇੰਡੀਆ ਪਿੰਗਲਵਾੜਾ ਸੁਸਾ. (ਰਜਿ.) ਭਗਤ ਕਰਾਈ ।

ਸੰਤ ਬਣਾ ਸੰਸਥਾ ਛੋਟੀ ਜੇਹੀ, ਹੋ ਜਾਂਦੇ ਹੰਕਾਰੀ ।
ਐਪਰ ਝੁੱਕਦੇ ਗਏ ਭਗਤ ਜੀ, ਜਿਉਂ ਜਿਉਂ ਹੋਏ ਭਾਰੀ ।
ਮੰਗਣ ਦਾਨ ਨਿਮਾਣੇ ਬਣ ਕੇ, ਕਰਦੇ ਸੇਵਾਦਾਰੀ ।
ਪਰ ਉਹ ਮਹਾਂਪੁਰਖ ਗਏ ਝੁੱਕਦੇ, ਜਿਉਂ ਡਾਲ੍ਹੀ ਫਲਦਾਰੀ ।

ਬੱਚਾ ਵਾਰਡ, ਮਹਾਂ ਸਿੰਘ ਵਾਰਡ, ਵਾਰਡ ਰਾਮ ਤਲਾਈ ।
ਪੰਡੋਰੀ ਵੜੈਚ ਤੇ ਗੋਇੰਦਵਾਲ ਵਿਚ, ਇਕ ਇਕ ਬਰਾਂਚ ਬਣਾਈ ।
ਪਿੰਗਲੇ, ਬਿਰਧ ਤੇ ਪਾਗਲ ਰੋਗੀ, ਸਭ ਦੀ ਸਾਂਭ ਸੰਭਾਈ ।
ਇਸ ਬੜੇ ਮਹਾਂਯੱਗ ਪਿੱਛੇ ਦੇਂਦਾ, ਚਿਹਰਾ ਭਗਤ ਦਿਖਾਈ ।



ਵਾਂਗ ਘਨੱਈਏ ਜਿਸ ਨੂੰ ਦੁਨੀਆਂ, ਆਪਣੀ ਦਿਸਦੀ ਸਾਰੀ ।
ਉਸਦੇ ਭਗਤੀ ਭਾਵੋਂ ਉਪਜੇ, ਸੇਵਾ ਪਰਉਪਕਾਰੀ ।
ਭਗਤ ਲਾਵਾਰਸ, ਨਿਆਸਰਿਆਂ ਦਾ, ਮਾਂ ਪੇ ਅੱਤ ਦਾਤਾਰੀ ।
ਸੱਚਾ ਕਰਮਯੋਗੀ ਉਹ ਸੇਵਕ, ਰੁਲਿਆਂ ਦਾ ਨਿਰੰਕਾਰੀ ।

## ਭਗਤਾਂ ਦਾ ਬਿਰਧ ਹੋ ਜਾਣਾ

ਭਗਤਾਂ ਬੜਾ ਹੰਢਾਇਆ ਪਿੰਡਾ ਤੇ ਪੈਰਾਂ ਵਿਚ ਖੜਾਵਾਂ ।
ਤੇੜ ਕਛਹਿਰਾ ਸਿਰ 'ਤੇ ਪਰਨਾ, ਦੋ ਦੋ ਫੁੱਟ ਜੜਾਵਾਂ ।
ਮਨ ਨਿਮਰਤਾ ਦਰਦ ਦੁੱਖੀ ਲਈ, ਕਾਬੂ ਦਿਲੀ ਤੜਾਵਾਂ ।
ਸੇਵਾ ਹੀ ਇਕ ਮੁੱਖ ਨਿਸ਼ਾਨਾ ਡਿੱਠੀਆਂ ਨਾ ਥਿੜਕਾਵਾਂ ।

ਜਿਉਂ ਜਿਉਂ ਬਿਰਧ ਅਵਸਥਾ ਹੋਈ, ਤੁਰਦੇ ਤਿੱਖੀ ਤੋਰੇ ।
ਕਿਲ ਕਾਂਟੇ ਤੇ ਮੇਖਾਂ ਚੁਗਦੇ, ਜਾਣ ਸਭੀ ਤੋਂ ਮੋਹਰੇ ।
ਬ੍ਰਹਮਚਾਰੀ ਭਗਤ ਖ਼ੁਰਾਕ ਕੁਦਰਤੀ, ਨਸ਼ਾ ਨਾ ਦੇਹੀ ਖੋਰੇ ।
ਹਿੰਮਤ ਸਿਹਤ, ਜਵਾਨੀ, ਲੁੱਟ ਲਈ, ਚੁੱਪ ਵਕਤ ਨੇ ਚੋਰੇ ।

ਆਪਣੀ ਬੱਚੀ ਇੰਦਰਜੀਤ ਨੂੰ, ਪਾਸ ਬਿਠਾ ਸਮਝਾਣਾ ।
ਇਹ ਹਮੇਸ਼ਾਂ ਸਿੱਖਿਆ ਦੇਣੀ, ਸਦਾ ਲਈ ਖੱਦਰ ਪਾਣਾ ।
ਸਾਧ ਮੁਰਾਦਾ ਜੀਵਨ ਜਿਊਣਾ, ਟੀਪਾਂ ਵਿਚ ਨਾ ਜਾਣਾ ।
ਪਿੰਗਲੇ, ਦੁੱਖੀ, ਬੀਮਾਰਾਂ ਦੇ ਸੰਗ, ਸਾਰਾ ਸਮਾਂ ਲਗਾਣਾ ।

ਨਿੱਤਨੇਮ ਦੀ ਮਿੱਠੀ ਬਾਣੀ, ਕੰਠ ਹਮੇਸ਼ਾਂ ਕਰਦੇ ।
ਜਪੁਜੀ, ਸੁਖਮਨੀ, ਜਾਪੁ ਸਾਹਿਬ ਨੂੰ, ਕਿਸੇ ਤੋਂ ਸਰਵਣ ਕਰਦੇ ।

ਸੁਣਨ ਕੀਰਤਨ ਹਰਿਮੰਦਰ ਸਾਹਿਬ ਵਿਚ, ਰੂਹ ਪਵਿੱਤਰ ਕਰਦੇ ।
ਭਗਤ ਜੀ ਨਾਮ ਜਪਨ ਸਾਹ ਸਾਹ ਨਾਲ, ਹਰਦਮ ਸੇਵਾ ਕਰਦੇ ।

ਵਿਚ ਜਵਾਨੀ ਲਗਨ ਪੜ੍ਹਨ ਦੀ, ਬਣ ਗਈ ਭੁੱਖ ਬੁਢਾਪੇ ।
ਪੜ੍ਹ ਅਖ਼ਬਾਰ ਰਸਾਲੇ ਜੁੜਦੇ, ਦੁਨੀਆਂ ਦੇ ਨਾਲ ਆਪੇ ।
ਚੰਗੀ ਰਚਨਾ ਦੀਆਂ ਕਤਰਾਂ ਕੱਟ ਕੱਟ, ਦੇਂਦੇ ਖ਼ਾਨੇ ਛਾਪੇ ।
ਇਹ ਸਭ ਛਪਣ ਕਿਤਾਬਚਿਆਂ ਵਿਚ, ਸਫਲ ਉਦਾਹਰਣ ਜਾਪੇ ।

ਸਾਰੀ ਉਮਰ ਉਹਨਾਂ ਖੱਦਰ ਪਾਇਆ ਤੇ ਚਾਵ੍ਹਾਂ ਨਾਲ ਹੰਢਾਇਆ ।
ਪਿੰਗਲੇ, ਰੋਗੀ, ਲਾਵਾਰਸਾਂ ਨੂੰ, ਗਲੇ ਹਮੇਸ਼ਾਂ ਲਗਾਇਆ ।
ਫੋਕੀ ਸ਼ੋਹਰਤ ਹੈਂਕੜ ਦੇ ਵਿਚ, ਭਗਤ ਕਦੇ ਨਾ ਆਇਆ ।
ਉਹਨਾਂ ਮਨ ਨੀਵਾਂ, ਮੱਤ ਉੱਚੀ, ਸਿੱਖ ਸਿਧਾਂਤ ਨਿਭਾਇਆ ।

ਭਗਤ ਸੇਵਾ ਤੋਂ ਹੋਈ ਪ੍ਰਭਾਵਤ, ਹਿੰਦ ਸਰਕਾਰ ਜ਼ਿਆਦੀ ।
ਬੁੱਢੇ ਵਾਰੇ ਸਨਮਾਨਿਆਂ ਭਗਤਾਂ, ਪਦਮ ਸ੍ਰੀ ਉਪਾਧੀ ।
ਵੇਖ ਚੁਰਾਸੀ ਫੌਜੀ ਹਮਲਾ, ਹਰਿਮੰਦਰ ਸਾਹਿਬ ਬਰਬਾਦੀ ।
ਵੇਖ ਇਹ ਰੂਹ ਭਗਤ ਕੁਰਲਾਈ, ਵਾਪਸ ਕਰੀ ਉਪਾਧੀ ।

ਡਾਕਟਰ ਹਰਬੰਸ ਸਿੰਘ ਜੀ ਭਗਤਾਂ ਦੇ, ਦੋਸਤ ਬੜੇ ਪੁਰਾਣੇ ।
ਭਗਤਾਂ ਨਾਲ ਪ੍ਰੇਮ ਉਹਨਾਂ ਦੇ, ਲੱਗੇ ਕਰਨ ਨਿਆਣੇ ।
ਇਕ ਦੂਜੇ ਦੇ ਨੇੜੇ ਆਉਣ ਦੇ, ਬਣਾਏ ਪ੍ਰਭੂ ਬਹਾਣੇ ।
ਦੋਵੇਂ ਪਿਆਰ ਤਾਰ ਵਿਚ ਪਰੁੱਚੇ, ਡਾਕਟਰ ਭਗਤ ਘਰਾਣੇ ।





## ਡਾ. ਇੰਦਰਜੀਤ ਕੌਰ ਨੂੰ ਧੀ ਬਣਾਉਣਾ

ਸਾਕ ਸੰਬੰਧ, ਸ਼ਰੀਕੇ ਨਾਲੋਂ, ਉੱਤਮ ਮਿੱਤਰਤਾਈ ।
ਕਿਉਂਕਿ ਪਿਆਰ ਤੇ ਸਤਿਕਾਰਾਂ 'ਤੇ, ਇਸ ਦੀ ਨੀਂਹ ਟਕਾਈ ।
ਪਰ ਜੇ ਘੁੰਢੀ ਰਹੇ ਦਿਲਾਂ 'ਚ, ਰਸ ਨਾ ਓਥੇ ਕਾਈ ।
ਕਦੀ ਰਸ ਨਾ ਗੰਨਿਓਂ ਨਿਕਲੇ, ਜਿੱਥੇ ਵੀ ਗੰਢ ਆਈ ।

ਭਗਤ ਮਹਿਸੂਸ ਕਰਨ ਹੁਣ ਲੱਗੇ, ਖੁੱਦ ਨੂੰ ਕੱਲਮ ਕੱਲੇ ।
ਸੋਚਣ ਕੋਈ ਬਣਾਈਏ ਆਪਣਾ, ਦੁੱਖ ਵਿਚ ਪਾਸਾ ਥੱਲੇ ।
ਪਾਣੀ ਦੀ ਘੁੱਟ ਦੇਣ ਨਾ ਪੈਸੇ, ਹੋਣ ਕਰੋੜਾਂ ਪੱਲੇ ।
ਕਿਸੇ ਦੀ ਬਾਜ਼ ਖ਼ੂਨ ਦੇ ਰਿਸ਼ਤੇ, ਅੱਖ ਨਾ ਅੱਖੀਓਂ ਚੱਲੇ ।

ਡਾਕਟਰ ਸਾਹਿਬ ਦੇ ਬੱਚਿਆਂ ਵਿੱਚੋਂ, ਇੰਦਰਜੀਤ ਨੂੰ ਅਪਣਾਇਆ ।
ਸੁਘੜ, ਸਿਆਣੀ, ਧੀਓ ਰਾਣੀ, ਬੇਟੀ ਭਗਤ ਬਣਾਇਆ ।
ਬਾਪ ਬੇਟੀ ਦਾ ਪਵਿੱਤਰ ਰਿਸ਼ਤਾ, ਧੁਰ ਦਰਗਾਹੋਂ ਆਇਆ ।
ਬੇਟੀ ਹੋਈ ਸ਼ਹੀਦ ਭਗਤ 'ਤੇ, ਧੀ ਬਣ ਕੇ ਦਿਖਲਾਇਆ ।

## ਡਾ. ਇੰਦਰਜੀਤ ਨੂੰ ਉੱਤਰਾਧਿਕਾਰੀ ਥਾਪਣਾ

ਖ਼ੁਦਗ਼ਰਜ਼ੀ ਤੇ ਭੁੱਖ ਚੌਧਰ ਦੀ, ਪਾਉਣ ਨਾ ਰੱਬੀ ਰਾਹੇ ।
ਹੁੰਦੇ ਮਿਆਰ ਸਹੀ ਜੀਵਨ ਦੇ, ਹੋਰ ਹਰੀ ਦਰਗਾਹੇ ।
ਬਿਨਾਂ ਤਿਆਗ, ਤਪੱਸਿਆ, ਸੇਵਾ, ਹੋਣ ਨਾ ਪੱਕੇ ਲਾਹੇ ।
ਭਗਤ ਪੂਰਨ ਸਿੰਘ ਸੌਂਪਣਾ ਸਾਰੀ, ਧੀ ਨੂੰ ਕਰਨੀ ਚਾਹੇ ।



ਡਾਕਟਰ ਇੰਦਰਜੀਤ ਕੌਰ ਭਗਤ ਹੁਰਾਂ ਨੂੰ, ਪ੍ਰਾਣੋਂ ਵੱਧ ਪਿਆਰੀ ।
ਜਿਊਂਦੇ ਜੀਅ ਹੀ ਥਾਪ ਦਿੱਤਾ ਉਸ, ਆਪਣਾ ਉਤਰਾਧਿਕਾਰੀ ।
ਆਪਣੇ ਸਿਰ ਤੋਂ ਲਾਹ ਚੁਕਾਈ, ਪੰਡ ਉਸ ਜ਼ੁੰਮੇਂਵਾਰੀ ।
ਬੱਸ ਫਿਰ ਹੋ ਸੁਰਖਰੂ ਬਹਿ ਗਏ, ਭਗਤ ਰੂਪ ਨਿਰੰਕਾਰੀ ।

ਜਿਸ ਨੇ ਲੂਲ੍ਹੇ ਪਿੰਗਲੇ, ਰੁਲਦੇ, ਚੁੱਕ ਲਗਾਏ ਸੀਨੇ ।
ਪੁੱਤਰਾਂ ਵਾਂਗ ਪਿਆਰੀਂ ਪਾਲੇ, ਸਾਂਭੇ ਵਾਂਗ ਨਗੀਨੇ ।
ਜਿਨ੍ਹਾਂ ਨੂੰ ਆਪਣਿਆਂ ਨਾ ਚਾਹਿਆ, ਉਹਨਾਂ ਗਲੀਂ ਲਗਾਇਆ,
ਪਈਆਂ ਨੂਰ ਉਸ ਦੀਆਂ ਰਿਸ਼ਮਾਂ, ਇੰਦਰਜੀਤ ਆਈਨੇ ।

ਮਿਲਿਆ ਨੂਰ ਕੋਹਨੂਰ ਹੋ ਗਈ, ਡਾਕਟਰ ਧੀ ਧਿਆਣੀ ।
ਸਾਗਰ ਮਿਲ ਸਮੁੰਦਰ ਹੋ ਗਈ, ਬੂੰਦ ਮਿਲੀ ਜਦ ਪਾਣੀ ।
ਪਾਵੇ ਠੰਡ ਹਲੇਮੀ, ਮਿੱਠਤ, ਪਰਉਪਕਾਰ, ਸਿਆਣੀ ।
ਸੇਵਾ, ਹਿੱਤ, ਹਮਦਰਦੀ ਜੇਹੇ ਗੁਣ, ਬਖ਼ਸ਼ੇ ਬ੍ਰਹਮ ਗਿਆਨੀ ।

ਨਾਥ, ਅਨਾਥਾਂ ਦਾ ਨਾ ਕੋਈ, ਡਾ. ਇੰਦਰਜੀਤ ਦੇ ਜੈਸਾ ।
ਤਨ, ਮਨ, ਧਨ ਨਾਲ ਸੇਵਾ ਕਰਦੇ, ਵਾਂਗਰ ਮਦਰ ਟਰੇਸਾ ।
ਜੋ ਪ੍ਰਭ ਦੀ ਖਲਕਤ ਤੂੰ ਸੇਵਣ, ਸੇਵਕ ਪ੍ਰਭੂ ਹਮੇਸ਼ਾ ।
'ਸੇਵਾ' ਬਾਜ਼ ਇਹ ਨਿਸਫਲ ਜੀਵਨ, ਮੁੱਲ ਨਾ ਖੋਟਾ ਪੈਸਾ ।

## ਭਗਤ ਜੀ ਦਾ ਆਖ਼ਰੀ ਸਮਾਂ

ਮਹਾਨ ਮਨੁੱਖ ਬੀਮਾਰ ਪੈ ਗਏ, ਬਚਣ ਦੀ ਰਹੀ ਨਾ ਆਸਾ ।
ਇੰਦਰਜੀਤ ਕੌਰ ਰਹੇ ਉਸ ਲਾਗੇ, ਘੁੱਟਣ ਥੱਲਣ ਪਾਸਾ ।

ਡਾਕਟਰਾਂ ਵਾਹ ਬਹੁਤੇਰੀ ਲਾਈ, ਮੋੜ ਪਿਆ ਨਾ ਮਾਸਾ ।
ਇਹ ਤਾਂ ਸਭ ਵਧੀ ਦੇ ਦਾਰੂ, ਘਟੀ ਦਾ ਨਾਹੀਂ ਮਾਸਾ ।

ਮਾਤਾ ਰਣਜੀਤ ਕੌਰ, ਇੰਦਰਜੀਤ ਕੌਰ ਨੂੰ, ਮੁੜ ਮੁੜ ਪੱਕੀਆਂ ਕਰਦੇ ।
ਭਗਤ ਜੀ ਯਾਦ ਤੁਸਾਂ ਨਿੱਤ ਕਰਦੇ, ਰਤਾ ਵਸਾਹ ਨਾ ਕਰਦੇ ।
ਉਹਨਾਂ ਪਾਸੋਂ ਰਤੀ ਨਾ ਹਿੱਲਣਾ, ਵਾਹ ਲਾ ਰਾਜ਼ੀ ਕਰਦੇ ।
ਭਗਤ ਸਾਹਿਬ ਜੀ ਜ਼ਿਆਦਾ ਢਿੱਲੇ, ਕਾਇਮ ਦੁਆਏਂ ਕਰਦੇ ।

ਪੰਜ ਅਗਸਤ ਉਨੀਂ ਸੌ ਬਾਨਵੇਂ ਚੜ੍ਹਿਆ ਦਿਨ ਅਜਿਹਾ ।
ਜੋ ਅਸਾਥੋਂ ਖੋਹ ਕੇ ਲੈ ਗਿਆ, ਦੁੱਖੀਆਂ ਦਾ ਸੁਨੇਹੀਆ ।
ਪਿੰਗਲੇ ਰੋਗੀ ਰਹੇ ਵਿਲਕਦੇ, ਤੁਰ ਗਿਆ ਛੱਡ ਕੇ ਪੀਯਾ ।
ਪਿੰਗਲਿਆਂ ਸਾਇਆ ਉੱਠ ਗਿਆ ਸਿਰ ਤੋਂ, ਸਭੀ ਮਨੁੱਖ ਮਸੀਹਾ ।

ਆਈਆਂ ਚਿੱਠੀਆਂ ਧੁਰ ਦੀਆਂ ਲਿਖੀਆਂ, ਮੁੱਕਿਆ ਦਾਣਾ ਪਾਣੀ ।
ਛੱਡ ਕਲਬੂਤ ਸਿਧਾਈਆਂ ਰੂਹਾਂ, ਤੋੜ ਪ੍ਰੀਤ ਪੁਰਾਣੀ ।
ਕਲਾ ਕੁਦਰਤ ਨਿਕਲ ਗਈ, ਜਦ ਹੋਈ ਖ਼ਤਮ ਕਹਾਣੀ ।
ਇਸ ਦੁਨੀਆਂ ਦੇ ਨਾਟਕ ਵਿਚ, ਝਾਕੀ ਹੈ ਜ਼ਿੰਦਗਾਨੀ ।

ਮਹਾਂ ਮਾਨਵ, ਮਹਾਨ ਮਨੁੱਖ ਜਾਂ ਜੱਗ ਤੋਂ ਰੁਖਸਤ ਹੋਇਆ ।
ਪਿੰਗਲੇ ਪਾਗਲ ਬਿਨ ਸੁੱਧ-ਬੁੱਧ ਜੋ, ਹਰ ਕੋਈ ਫੁੱਟ ਫੁੱਟ ਰੋਇਆ ।
ਪਿਆਰਾ ਸਿੰਘ ਦੇ ਭਾਅ ਦਾ ਜਾਪੇ, ਜਿਉਂ ਜੱਗ ਸੁੰਞਾ ਹੋਇਆ ।
ਸਾਰੀ ਤੜਫ਼ ਲੋਕਾਈ ਉੱਠੀ ਜਦ, ਓਸ ਮਸੀਹਾ ਮੋਇਆ ।

ਰੱਬ ਕਰੇ ਮੁੜ ਮੁੜ ਕੇ ਜਨਮਣ, ਭਗਤਾਂ ਜੇਹੇ ਪ੍ਰਾਣੀ ।
ਕਰਨ ਮਨੁੱਖਤਾ ਦੀ ਜੋ ਸੇਵਾ, ਲਾ ਦਿਲ ਜਾਨ ਜਵਾਨੀ ।



ਪਾਸਾ ਥੱਲਣ ਮਨੁੱਖਤਾ ਦਾ, ਵੰਡਣ ਨਿੱਤ ਮੇਹਰਬਾਨੀ ।
ਜੱਗ ਤੇ ਸੇਵਾ ਸਭ ਨੂੰ ਮਿਲੇ ਸਹਾਰਾ, ਬਣ ਜਾਏ ਧਰਤ ਸੁਹਾਣੀ ।

## ਭਗਤ ਜੀ ਦੇ ਉਪਦੇਸ਼

ਭਗਤ ਜੀ ਦੇਣ ਉਪਦੇਸ਼ ਸਾਦਗੀ, ਏਸ ਆਨੰਦ ਕੀ ਕਹਿਣਾ ।
ਸਾਦਾ ਖਾਣਾ, ਸਾਦਾ ਪਾਉਣਾ, ਸਾਦ ਮੁਰਾਦੇ ਰਹਿਣਾ ।
ਪੈਟਰੋਲ, ਡੀਜ਼ਲ ਦੀ ਥੋੜ੍ਹੀ ਵਰਤੋਂ, ਖੱਦਰ ਪਾਉਂਦੇ ਰਹਿਣਾ ।
ਅਸਲੀ ਮਜ਼ਾ ਸਾਦਗੀ ਅੰਦਰ, ਇਹ ਜੀਵਨ ਦਾ ਗਹਿਣਾ ।

ਪਾਣੀ, ਹਵਾ ਤੇ ਧਰਤੀ ਰੋਵੇ, ਇਹਨਾਂ ਸੁਣੋ ਪੁਕਾਰਾਂ ।
ਹਰ ਜੀਅ ਇਕ ਇਕ ਰੁੱਖ ਲਗਾਓ, ਲਾਭਾਂ ਬੇਸ਼ੁਮਾਰਾਂ ।
ਰੋਕੋ ਵਧਦੀ ਹੋਈ ਅਬਾਦੀ, ਸਭ ਮਾਣਨ ਰੋਜ਼ਗਾਰਾਂ ।
ਮਿਲ ਕਰ ਰੱਖਿਆ ਕੁਦਰਤੀ ਸੋਮੇ, ਮਾਣੋ ਸੁੱਖ ਬਹਾਰਾਂ ।